੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਲਹਿਰ ਹੁਲਾਰੇ

ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ ਤੇ
ਮਟਕ ਹੁਲਾਰੇ ਵਿਚੋਂ ਚੋਣਵੀਆਂ ਕਵਿਤਾਵਾਂ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

 www.sikhbookclub.com

## ਛਪਾਈ ਦਾ ਵੇਰਵਾ

| | | |
|---|---|---|
| ਪਹਿਲੀ ਵਾਰ (ਹਿੰਦੀ) | ਜੁਲਾਈ, | 1946 |
| ਦੂਜੀ ਵਾਰ | ਮਈ, | 1948 |
| ਤੀਜੀ ਵਾਰ | ਮਾਰਚ, | 1951 |
| ਚੌਥੀ ਵਾਰ | ਜਨਵਰੀ, | 1958 |
| ਪੰਜਵੀਂ ਵਾਰ | ਮਾਰਚ, | 1967 |
| ਛੇਵੀਂ ਵਾਰ | ਜਨਵਰੀ, | 1971 |
| ਸਤਵੀਂ ਵਾਰ | ਜਨਵਰੀ, | 1977 |
| ਅਠਵੀਂ ਵਾਰ | ਜਨਵਰੀ, | 1986 |
| ਨੌਵੀਂ ਵਾਰ | ਜੂਨ, | 1993 |
| ਦਸਵੀਂ ਵਾਰ | ਨਵੰਬਰ, | 1995 |
| ਯਾਰਵੀਂ ਵਾਰ | ਜੂਨ, | 1997 |
| ਬਾਰ੍ਹਵੀਂ ਵਾਰ | ਦਸੰਬਰ, | 1999 |
| ਤੇਰ੍ਹਵੀਂ ਵਾਰ | ਦਸੰਬਰ, | 2000 |

**Lehar Hularey**
Bhai Vir Singh

ISBN#978-93-80854-67-0
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
14ਵੀਂ ਵਾਰ ਸਤੰਬਰ, 2011

***ਪ੍ਰਕਾਸ਼ਕ :***
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Bedi Art Prints
RZ-1/5, Tughlakabad Extension
Kalkaji, New Delhi - 110019

ਮੁੱਲ : 55/- ਰੁਪਏ

 www.sikhbookclub.com

# ਮੁੱਢਲੀ ਗੱਲ

ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ ਤੇ ਮਟਕ ਹੁਲਾਰੇ ਨਾਮ ਦੀਆਂ ਪੁਸਤਕਾਂ ਅਗੇ ਕਈ ਬਾਰ ਛਪ ਚੁਕੀਆਂ ਹਨ, ਪਿਛਲੇਰੇ ਸਾਲ ਇਹ ਇਛਾ ਪ੍ਰਗਟ ਕੀਤੀ ਗਈ ਸੀ ਕਿ ਇਨ੍ਹਾਂ ਵਿਚੋਂ ਚੋਣਵਾਂ ਸੰਗ੍ਰਹ ਹਿੰਦੀ ਅਖਰਾਂ ਵਿਚ ਪ੍ਰਕਾਸ਼ਤ ਕੀਤਾ ਜਾਏ ਤਾਂ ਜੋ ਹਿੰਦੀ ਪਾਠਕ ਬੀ ਲਾਭ ਉਠਾ ਸਕਣ। ਸੋ ਇਹ ਸੰਚਯ ਲਹਿਰ ਹੁਲਾਰੇ ਦਾ ਨਾਮ ਦੇ ਕੇ ਹਿੰਦੀ ਲਿਪੀ ਵਿਚ ਛਾਪਿਆ ਗਿਆ ਸੀ। ਉਹ ਹਿੰਦੀ ਛਪੀ ਪੁਸਤਕ ਪਿਛਲੇ ਸਾਲ (1947) ਦੀ ਗੜਬੜ ਸਮੇਂ ਖਾਲਸਾ ਸਮਾਚਾਰ ਦੇ ਦਫਤ੍ਰ ਨੂੰ ਅੱਗ ਲਗ ਜਾਣ ਪਰ ਅਗਨੀ ਦੀ ਭੇਟ ਹੋ ਗਈ। ਹਾਲਾਤ ਸੁਧਰੇ ਤਾਂ ਪਤਾ ਲਗਾ ਕਿ ਪੰਜਾਬ ਯੂਨੀਵਰਸਿਟੀ ਨੇ ਉਕਤ ਪੁਸਤਕ ਆਪਣੇ ਇਕ ਦੋ ਇਮਤਿਹਾਨਾਂ ਦਾ ਕੋਰਸ ਬਣਾ ਦਿਤੀ ਹੈ ਤੇ ਉਹ ਬੀ ਹਿੰਦੀ ਲਿਪੀ ਵਿਚ ਨਹੀਂ ਸਗੋਂ ਗੁਰਮੁਖੀ ਅਖਰਾਂ ਵਿਚ। ਸੋ ਵਿਦਜਾਰਥੀਆਂ ਦੀ ਮਾਂਗ ਆਉਣੇ ਪਰ ਉਸੇ ਹਿੰਦੀ ਸੰਕਲਨਾ ਨੂੰ ਗੁਰਮੁਖੀ ਅਖਰਾਂ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਮਈ 1948 — ਕਰਤਾ

# ਭੂਮਿਕਾ ਤੇਰ੍ਹਵੀਂ ਐਡੀਸ਼ਨ

'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ' ਤੇ 'ਮਟਕ ਹੁਲਾਰੇ' ਪੁਸਤਕਾਂ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ ਸੰਗ੍ਰਹਿ ਕਰਕੇ ਇਹ ਹਥਲੀ ਪੁਸਤਕ 'ਲਹਿਰ ਹੁਲਾਰੇ ' ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪ 1948 'ਚ ਪ੍ਰਕਾਸ਼ਿਤ ਕੀਤੀ। ਉਨ੍ਹਾਂ ਦਿਨਾਂ ਵਿੱਚ ਹੀ ਪੰਜਾਬ ਯੂਨੀਵਰਸਿਟੀ ਨੇ ਇਸ ਪੁਸਤਕ ਨੂੰ ਆਪਣੇ ਇਮਤਿਹਾਨਾਂ ਦਾ ਕੋਰਸ ਬਣਾ ਦਿੱਤਾ। ਬਾਅਦ 'ਚ ਬਾਕੀ ਹੋਰ ਯੂਨੀਵਰਸਿਟੀਆਂ ਦੇ ਇਮਤਿਹਾਨਾਂ 'ਚ ਵੀ ਇਹ ਪੁਸਤਕ ਕੋਰਸ ਬਣਾ ਦਿੱਤੀ ਗਈ ਹੈ ਜਿਸ ਕਾਰਨ ਇਸ ਪੁਸਤਕ ਦੀ ਮੰਗ ਲਗਾਤਾਰ ਵਧਦੀ ਹੀ ਗਈ ਤੇ 1948 ਤੋਂ ਬਾਦ ਕਈ ਵਾਰੀ ਛਪ ਚੁਕੀ ਹੈ।

ਇਉਂ ਇਸ ਪੁਸਤਕ ਦੀ ਹਰਮਨਪਿਆਰਤਾ ਅਤੇ ਪਾਠਕਾਂ ਦੇ ਸੁਝਾਵਾਂ ਨੂੰ ਵੇਖਦੇ ਹੋਏ ਭਾਈ ਵੀਰ ਸਿੰਘ ਸਾਹਿਤ ਸਦਨ ਨੇ ਇਸ ਨੂੰ ਕੰਪਿਊਟਰਾਈਜ਼ ਕਰਕੇ ਸੁੰਦਰ ਰੂਪ ਦੇਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਆਸ ਹੈ ਪਾਠਕ ਇਸ ਉਪਰਾਲੇ ਦਾ ਚੰਗਾ ਹੁੰਗਾਰਾ ਭਰਨਗੇ।

ਦਸੰਬਰ, 2000

- ਡਾ. ਜਸਵੰਤ ਸਿੰਘ ਨੇਕੀ
*ਆਨਰੇਰੀ ਜਨਰਲ ਸਕੱਤਰ*
ਭਾਈ ਵੀਰ ਸਿੰਘ ਸਾਹਿਤ ਸਦਨ,


www.sikhbookclub.com

# ਸੂਚੀ ਪੱਤ੍ਰ


| ਅੰਕ | ਕਵਿਤਾ | ਪੰਨਾ |
|---|---|---|
| 1. | ਅਣਡਿਠਾ ਰਸ ਦਾਤਾ | 9 |
| 2. | ਸਮਾਂ | 10 |
| 3. | ਤ੍ਰੇਲ ਤੁਪਕਾ | 11 |
| 4. | ਵਲਵਲਾ | 12 |
| 5. | ਚੜ੍ਹ ਚੱਕ ਤੇ ਚੱਕ ਘੁਮਾਨੀਆਂ | 13 |
| 6. | ਟੁਕੜੀ ਜਗ ਤੋਂ ਨਜਾਰੀ | 14 |
| 7. | ਇਛਾਬਲ ਦੇ ਚਨਾਰ ਤੇ ਨੂਰ ਜਹਾਂ | 16 |
| 8. | ਕਸ਼ਮੀਰ ਤੇ ਸੁੰਦਰਤਾ | 16 |
| 9. | ਵੂੱਲਰ | 17 |
| 10. | ਬੀਜ ਬਿਹਾੜੇ ਦੇ ਬੁੱਢੇ ਚਨਾਰ ਨੂੰ | 17 |
| 11. | ਵੈਰੀ ਨਾਗ ਦਾ ਪਹਿਲਾ ਝਲਕਾ | 18 |
| 12. | ਕੋਈ ਹਰਿਆ ਬੂਟ ਰਹਿਓ ਰੀ | 19 |
| 13. | ਮਹਿੰਦੀ | 19 |
| 14. | ਭੁੱਲ ਚੁਕੀ ਸਭਜਤਾ | 20 |
| 15. | ਵਿਛੁੜੀ ਰੂਹ | 21 |
| 16. | ਨਵਾਂ ਕਸ਼ਮੀਰ | 22 |
| 17. | ਵਿਛੋੜਾ ਵਸਲ | 23 |
| 18. | ਹੋਸ਼ ਮਸਤੀ | 23 |
| 19. | ਰੌਸ਼ਨ ਆਰਾ (ਸਮਾਧ ਚੋਂ) | 24 |
| 20. | ਰੌਸ਼ਨ ਆਰਾ ਯਾਤ੍ਰੀਆਂ ਨੂੰ | 24 |
| 21. | ਦਰਦ ਦੇਖ ਦੁਖ ਆਂਦਾ | 25 |
| 22. | ਕਿੱਕਰ | 25 |
| 23. | ਕੇਲੋਂ ਦੇ ਗਲ ਲਗੀ ਵੇਲ | 27 |
| 24. | ਇਛਾਬਲ ਦਾ ਨਾਦ | 29 |



www.sikhbookclub.com

25. ਚਸ਼ਮਾ ਇਛਾਬਲ ਤੇ ਡੂੰਘੀਆਂ ਸ਼ਾਮਾਂ ........ 29
26. ਪ੍ਰੀਤਮ ਛੁਹ ........ 30
27. ਮੇਰੀ ਜਿੰਦੇ ........ 31
28. ਨ ਹੋਇ ਉਹਲੇ ........ 31
29. ਕਮਲ ਗੋਦੀ ਵਿਚ ਤ੍ਰੇਲ-ਮੋਤੀ ........ 32
30. ਬਿਨਫਸ਼ਾ ਦਾ ਫੁੱਲ ........ 33
31. ਗੁਲਾਬ ਦਾ ਫੁੱਲ ........ 34
32. ਦਿੱਲੀ ਦੀ ਇਕ ਬੇਨਿਸ਼ਾਂ ਸਮਾਧ ........ 37
33. ਧੋਬੀ ........ 37
34. ਸਾਈਂ ਲਈ ਤੜਪ ........ 38
35. ਕੁਤਬ ਦੀ ਲਾਠ ........ 39
36. ਮਰਦ ਦਾ ਕੁੱਤਾ ........ 42
37. ਵਿਛੁੜੀ ਕੂੰਜ ........ 50
38. ਫੁਹਾਰਾ ........ 51
39. ਆਪੇ ਵਿਚ ਆਪਾ ........ 51
40. ਚਾਂਦਨੀ ........ 52
41. ਅਵਾਂਤੀ ਪੁਰੇ ਦੇ ਖੰਡਰ ........ 55
42. ਕੰਡੇ ........ 56
43. ਯਾਦ ........ 56
44. ਪਸਾਰੀ ਕਿ ਮਖੀਰ ........ 57
45. ਮਹਿੰਦੀ ਦੇ ਬੂਟੇ ਕੋਲ ........ 57
46. ਸ਼ਾਲਾਮਾਰ ........ 58
47. ਕਸ਼ਮੀਰ ਤੋਂ ਵਿਦੈਗੀ ........ 59
48. ਨਸੀਮ ਬਾਗ ........ 60
49. ਵੱਧ ਪਿਆਰ ਵਿਚ ਪ੍ਰੀਤਮ ........ 60
50. ਕਵਿਰੰਗ ਸੁੰਦਰਤਾ ........ 61
51. ਕੰਬਦੇ ਪੱਥਰ ........ 63
52. ਅਮਰ ਰਸ ........ 64
53. ਕੰਬਦੀ ਕਲਾਈ ........ 65
54. ਲਗੀਆਂ ਨਿਭਣ ........ 66

 www.sikhbookclub.com

55. ਰਉਂ ਰੁਖ਼ ........ 66
56. ਇਲਮ ਅਮਲ ........ 67
57. ਨਾਮ, ਧਿਆਨ, ਰਜ਼ਾ ........ 68
58. ਬਰਦਾ ਕਿ ਮਾਲਕ? ........ 68
59. ਬ੍ਰਿਛ ........ 69
60. ਗੁਲਾਬ ਦਾ ਫੁਲ ਤੋੜਨ ਵਾਲੇ ਨੂੰ ........ 69
61. ਪ੍ਰੇਮ ਤਰੰਗੀ ........ 70
62. ਡਲ ........ 70
63. ਪਿੰਜਰੇ ਪਿਆ ਪੰਛੀ ........ 71
64. ਲਗੀਆਂ ........ 72
65. ਪੱਥਰ-ਸ਼ੀਸ਼ਾ-ਹੀਰਾ ........ 72
66. ਗੁਲਦਾਊਦੀਆਂ ਨਹੀਂ ਆਈਆਂ ........ 73
67. ਦਰ ਢੱਠਿਆਂ ਦੀ ਕਦਰ ........ 74
68. ਜ਼ੀਨਤ ਬੇਗਮ ........ 75
69. ਅੰਦਰ ਦੀ ਟੇਕ ........ 76
70. ਵਰਜਿਤ ਵਾੜੀ ........ 77
71. ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ ........ 79
72. ਗੁਲਦਾਊਦੀਆਂ ਆਈਆਂ ........ 81
73. ਤਿਆਰੀਆਂ ........ 85
74. ਅਟਕ ........ 86
75. ਫੁੱਲ ........ 92
76. ਲੱਲੀ ........ 93
77. ਬੇਲਾ ਭੁਆਨੀ ........ 95
78. ਰੀਗਾ ਰਾਮ ........ 101
79. ਜੀਵਨ ਕੀਹ ਹੈ? ........ 126

# ਅਣਡਿਠਾ ਰਸਦਾਤਾ

ਬੁੱਲ੍ਹਾਂ ਅਧਖੁੱਲ੍ਹਿਆਂ ਨੂੰ, ਹਾਇ
ਮੇਰੇ ਬੁੱਲ੍ਹਾਂ ਅਧਮੀਟਿਆਂ ਨੂੰ
ਛੁਹ ਗਿਆ ਨੀ, ਲਗ ਗਿਆ ਨੀ,
ਕੌਣ ਕੁਛ ਲਾ ਗਿਆ?

ਸ੍ਵਾਦ ਨੀ ਅਗੰਮੀ ਆਯਾ
ਰਸ ਝਰਨਾਟ ਛਿੜੀ,
ਲੂੰ ਲੂੰ ਲਹਿਰ ਉਠਿਆ
ਤੇ ਕਾਂਬਾ ਮਿੱਠਾ ਆ ਗਿਆ।

ਹੋਈ ਹਾਂ ਸੁਆਦ ਸਾਰੀ,
ਆਪੇ ਤੋਂ ਮੈਂ ਆਪ ਵਾਰੀ,-
ਐਸੀ ਰਸ-ਭਰੀ ਹੋਈ
ਸ੍ਵਾਦ ਸਾਰੇ ਧਾ ਗਿਆ।

ਹਾਇ, ਦਾਤਾ ਦਿੱਸਿਆ ਨਾ
ਸ੍ਵਾਦ ਜਿਨ੍ਹੇ ਦਿੱਤਾ ਐਸਾ,
ਦੇਂਦਾ ਰਸਦਾਨ ਦਾਤਾ
ਆਪਾ ਕਿਉਂ ਲੁਕਾ ਗਿਆ? ੧.

# ਸਮਾਂ

ਰਹੀ ਵਾਸਤੇ ਘੱਤ
 'ਸਮੇਂ' ਨੇ ਇਕ ਨ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖੇ ਅਪਣੇ ਵੇਗ
ਗਿਆ ਟਪ ਬੰਨੇ ਬੰਨੀ,-
ਹੋ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫ਼ਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨ ਮੁੜਕੇ ਆਂਵਦਾ। ੨.

# ਤ੍ਰੇਲ ਤੁਪਕਾ

ਮੋਤੀ ਵਾਂਙੂ ਡਲ੍ਹਕਦਾ
ਤੁਪਕਾ ਇਹ ਜੋ ਤ੍ਰੇਲ,
ਗੋਦੀ ਬੈਠ ਗੁਲਾਬ ਦੀ
ਹਸ ਹਸ ਕਰਦਾ ਕੇਲ,
ਵਾਸੀ ਦੇਸ਼ ਅਰੂਪ ਦਾ
ਕਰਦਾ ਪਜਾਰ ਅਪਾਰ,
ਰੂਪਵਾਨ ਹੈ ਹੋ ਗਿਆ
ਪਜਾਰੀ ਗੋਦ ਵਿਚਾਲ,
ਅਰਸ਼ੀ ਕਿਰਨ ਇਕ ਆਵਸੀ
ਲੈਸੀ ਏਸ ਲੁਕਾਇ,
ਝੋਕਾ ਮਤ ਕੁਈ ਪੌਣ ਦਾ
ਦੇਵੇ ਧਰਤ ਗਿਰਾਇ।

ਨਿੱਤ ਪਜਾਰ ਖਿਚ ਲਜਾਂਵਦਾ
ਕਰੇ ਅਰੂਪੋਂ ਰੂਪ,
ਅਰਸ਼ੀ ਪ੍ਰੀਤਮ ਹੈ ਕੁਈ
ਨਿਤ ਫਿਰ ਕਰੇ ਅਰੂਪ। ੩.


www.sikhbookclub.com

# ਵਲਵਲਾ

ਜਿਨ੍ਹਾਂ ਉਚਿਆਈਆਂ ਉਤੋਂ
ਬੁੱਧੀ ਖੰਭ ਸਾੜ ਢੱਠੀ
ਮੱਲੋ ਮੱਲੀ ਓਥੇ ਦਿਲ
ਮਾਰਦਾ ਉਡਾਰੀਆਂ,

ਪਜਾਲੇ ਅਣਡਿੱਠੇ ਨਾਲ
ਬੁੱਲ੍ਹ ਲਗ ਜਾਣ ਓਥੇ
ਰਸ ਤੇ ਸਰੂਰ ਚੜ੍ਹੇ
ਝੂਮਾਂ ਆਉਣ ਪਜਾਰੀਆਂ,

'ਗਜਾਨੀ' ਸਾਨੂੰ ਹੋੜਦਾ ਤੇ
'ਵਹਿਮੀ ਢੋਲਾ' ਆਖਦਾ ਏ :-
'ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੋਂ ਪਾਰ ਤਾਰੀਆਂ।'

"ਬੈਠ ਵੇ ਗਿਆਨੀ! ਬੁੱਧੀ-
ਮੰਡਲੇ ਦੀ ਕੈਦ ਵਿਚ
'ਵਲਵਲੇ ਦੇ ਦੇਸ਼' ਸਾਡੀਆਂ
ਲੱਗ ਗਈਆਂ ਯਾਰੀਆਂ।" ੪.

 www.sikhbookclub.com

## ਚੜ੍ਹ ਚੱਕ ਤੇ ਚੱਕ ਘੁਮਾਨੀਆਂ

ਚੜ੍ਹ ਚੱਕ ਤੇ ਚੱਕ ਘੁਮਾਨੀਆਂ,
ਮਹੀਂਵਾਲ ਤੋਂ ਸਦਕੇ (ਪਈ) ਜਾਨੀਆਂ,
ਮੈਂ ਤਾਂ ਬਦਲਾਂ ਨੂੰ ਫ਼ਰਸ਼ ਬਨਾਨੀਆਂ,
ਉਤੇ ਨਾਚ ਰੰਗੀਲੜੇ ਪਾਨੀਆਂ,

ਬਾਜੀ ਬਿਜਲੀ ਦੇ ਨਾਲ ਲਗਾਨੀਆਂ,
ਖਿੜ ਖਿੜ ਹੱਸਨੀਆਂ ਓਨੂੰ ਸ਼ਰਮਾਨੀਆਂ,
ਤਾਰੇ ਕੇਸਾਂ ਦੇ ਵਿੱਚ ਗੁੰਦਾਨੀਆਂ,
ਚੰਦ ਮੱਥੇ ਤੇ ਚਾ ਲਟਕਾਨੀਆਂ,

ਨੀਲੇ ਅਰਸ਼ਾਂ ਤੇ ਠੁਮਕਦੀ ਜਾਨੀਆਂ,
ਮੀਂਹ ਕਿਰਨਾਂ ਦਾ ਪਈ ਵਸਾਨੀਆਂ,
'ਜਿੰਦ-ਕਣੀਆਂ' ਦੀ ਲੁੱਟ ਲੁਟਾਨੀਆਂ,
'ਅਰਸ਼ੀ-ਪੀਂਘ' ਕਮਾਨ ਬਨਾਨੀਆਂ,

ਰੰਗ ਰੂਪ ਦੇ ਤੀਰ ਵਸਾਨੀਆਂ,
ਨੂਰ ਅੱਖੀਆਂ ਵਿੱਚ ਸਮਾਨੀਆਂ,
ਨੂਰੋ ਨੂਰ ਹੁਵੰਦੜੀ ਜਾਨੀਆਂ,
ਨੂਰ ਨੂਰੀਆਂ ਨੂੰ ਪਈ ਲਾਨੀਆਂ। ੫.

## ਟੁਕੜੀ ਜਗ ਤੋਂ ਨਯਾਰੀ

ਅਰਸ਼ਾਂ ਦੇ ਵਿਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ,
'ਹੁਸਨ-ਮੰਡਲ' ਵਿਚ ਖੜੀ ਖੇਡਦੀ
ਖ਼ੁਸ਼ੀਆਂ ਛਹਿਬਰ ਲਾਈ।
ਦੌੜੀ ਨੇ ਇਕ ਮੁਠ ਭਰ ਲੀਤੀ
ਇਸ ਵਿਚ ਕੀ ਕੀ ਆਇਆ:-
ਪਰਬਤ, ਟਿੱਬੇ ਅਤੇ ਕਰੇਵੇ*
ਵਿਚ ਮੈਦਾਨ ਸੁਹਾਇਆ,
ਚਸ਼ਮੇ, ਨਾਲੇ, ਨਦੀਆਂ, ਝੀਲਾਂ
ਨਿੱਕੇ ਜਿਵੇਂ ਸਮੁੰਦਰ,
ਠੰਢੀਆਂ ਛਾਵਾਂ, ਮਿੱਠੀਆਂ ਹ੍ਵਾਵਾਂ,
ਬਨ ਬਾਗਾਂ ਜਿਹੇ ਸੁੰਦਰ,
ਬਰਫ਼ਾਂ, ਮੀਂਹ, ਧੁੱਪਾਂ ਤੇ ਬੱਦਲ
ਰੁੱਤਾਂ ਮੇਵੇ ਪਜਾਰੇ,
ਅਰਸ਼ੀ ਨਾਲ ਨਜ਼ਾਰੇ ਆਏ

੧. ਕਸ਼ਮੀਰ ਵਿਚ ਉਚੇਰੇ ਟਿੱਬਿਆਂ ਦੀਆਂ ਪੱਧਰਾਂ ਨੂੰ ਕਰੇਵਾ ਆਖਦੇ ਹਨ।


www.sikhbookclub.com

ਉਸ ਮੁੱਠੀ ਵਿਚ ਸਾਰੇ।
ਸੁਹਣੀ ਨੇ ਅਸਮਾਨ ਖੜੋਕੇ
ਧਰਤੀ ਵੱਲ ਤਕਾ ਕੇ,
ਇਹ ਮੁੱਠੀ ਖੁਹਲੀ ਤੇ ਸੁਟਿਆ
ਸਭ ਕੁਝ ਹੇਠ ਤਕਾ ਕੇ।
ਜਿਸ ਥਾਵੇਂ ਧਰਤੀ ਤੇ ਆਕੇ
ਇਹ ਮੁਠ ਡਿੱਗੀ ਸਾਰੀ-
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁਕੜੀ ਜਗ ਤੋਂ ਨਜਾਰੀ।
ਹੈ ਧਰਤੀ ਪਰ 'ਛੁਹ ਅਸਮਾਨੀ'
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ, ਸੁਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਕਸਕੇ। ੬.

 www.sikhbookclub.com

# ਇੱਛਾਬਲ ਦੇ ਚਨਾਰ ਤੇ ਨੂਰਜਹਾਂ

- ਕਿਸੇ ਸੁੰਦਰੀ ਦੇ ਹਥ ਲਾਉਣ ਤੇ -

ਤੇਰੇ ਜਿਹੀਆਂ ਕਈ ਵੇਰ ਆ
ਹੱਥ ਅਸਾਨੂੰ ਲਾਏ,
ਪਜਾਰ ਲੈਣ ਨੂੰ ਜੀ ਕਰ ਆਵੇ
ਉਛਾਲ ਕਲੇਜਾ ਖਾਏ,-
ਪਰ ਉਹ ਪਜਾਰ ਸੁਆਦ ਨ ਵਸਦਾ
ਹੋਰ ਕਿਸੇ ਹਥ ਅੰਦਰ,
ਨੂਰ ਜਹਾਂ! ਜੋ ਛੁਹ ਤੇਰੀ ਨੇ
ਸਾਨੂੰ ਲਾਡ ਲਡਾਏ। ੭.

# ਕਸ਼ਮੀਰ ਤੇ ਸੁੰਦਰਤਾ

ਜਿੱਕੁਰ ਰੁਲਦੇ ਸੇਬ ਤੇ ਨਸ਼ਪਾਤੀਆਂ
ਵਿੱਚ ਗਿਰਾਂ ਕਸ਼ਮੀਰ ਤੀਕਰ ਰੁਲ ਰਹੀ
ਸੁੰਦਰਤਾ ਵਿਚ ਖ਼ਾਕ ਲੀਰਾਂ ਪਾਟੀਆਂ,
ਜਿੱਕੁਰ ਫੁੱਲ ਗੁਲਾਬ ਟੁੱਟਾ ਢਹਿ ਪਵੇ
ਮਿੱਟੀ ਘੱਟੇ ਵਿਚ ਹੋਇ ਨਿਮਾਨੜਾ। ੮.


www.sikhbookclub.com

## ਵੁੱਲਰ *

ਵੁੱਲਰ ਤੇਰਾ ਖੁਲ੍ਹਾ ਨਜ਼ਾਰਾ
ਵੇਖ ਵੇਖ ਦਿਲ ਠਰਿਆ,
ਖੁੱਲ੍ਹਾ, ਵੱਡਾ, ਸੁਹਣਾ, ਸੁੱਚਾ,
ਤਾਜ਼ਾ, ਹਰਿਆ ਭਰਿਆ;
ਸੁੰਦਰਤਾ ਤਰ ਰਹੀ ਤੈਂ ਉਤੇ
ਖੁਲ੍ਹ ਉਡਾਰੀਆਂ ਲੈਂਦੀ
ਨਿਰਜਨ ਫਬਨ ਕੁਆਰੀ ਰੰਗਤ
ਰਸ ਅਨੰਤ ਦਾ ਵਰਿਆ। ੯.

## ਬੀਜ ਬਿਹਾੜੇ ਦੇ ਬੁੱਢੇ ਚਨਾਰ ਨੂੰ -

ਸਦੀਆਂ ਦੇ ਹੇ ਬੁੱਢੇ ਬਾਬੇ!
ਕਿਤਨੇ ਗੋਦ ਖਿਡਾਏ?
ਕਿਤਨੇ ਆਏ ਛਾਵੇਂ ਬੈਠੇ?
ਕਿਤਨੇ ਪੂਰ ਲੰਘਾਏ? ੧੦.

* ਸਭ ਤੋਂ ਵੱਡੀ ਝੀਲ, ਜਿਸ ਵਿਚ ਜਿਹਲਮ ਇਕ ਪਾਸਿਓਂ ਪੈਂਦਾ ਤੇ ਦੂਜਿਓਂ ਨਿਕਲਦਾ ਹੈ।


www.sikhbookclub.com

## ਵੈਰੀ ਨਾਗ ਦਾ ਪਹਿਲਾ ਝਲਕਾ

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ,
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ
ਜੀ ਵੇਖ ਵੇਖ ਨਹੀਂ ਰਜਦਾ।
ਨਾ ਕੁਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ;
ਚੁੱਪ ਚਾਨ ਪਰ ਰੂਪ ਤਿਰੇ ਵਿਚ
ਕਵਿਤਾ ਰੰਗ ਜਮਾਇਆ,
ਸਰਦ ਸਰਦ ਪਰ ਛੁਹਿਆਂ ਤੈਨੂੰ
ਰੂਹ ਸਰੂਰ ਵਿਚ ਆਵੇ,
ਗਹਿਰ ਗੰਭੀਰ ਅਡੋਲ ਸੁਹਾਵੇ!
ਤੈਂ ਕਿਹਾ ਜੋਗ ਕਮਾਇਆ? ੧੧.

 www.sikhbookclub.com

## ਕੋਈ ਹਰਿਆ ਬੂਟ ਰਹਿਓ ਰੀ

ਮੀਂਹ ਪੈ ਹਟਿਆਂ ਤਾਰ ਨਾਲ ਇਕ
ਤੁਪਕਾ ਸੀ ਲਟਕੰਦਾ,
ਡਿਗਦਾ ਜਾਪੇ ਪਰ ਨਾ ਡਿੱਗੇ
ਪੁਛਿਆਂ ਰੋਇ ਸੁਣੰਦਾ;
'ਅਰਸ਼ਾਂ ਤੋਂ ਲੱਖਾਂ ਹੀ ਸਾਥੀ
ਕੱਠੇ ਹੋ ਸਾਂ ਆਏ,
'ਕਿਤ ਵਲ ਲੋਪ ਯਾਰ ਓ ਹੋਏ
ਮੈਂ ਲਾ ਨੀਝ ਤਕੰਦਾ।' ੧੨.

## ਮਹਿੰਦੀ

- ਸੱਜਣ ਦੇ ਹੱਥ ਲਗੀ ਹੋਈ -

ਆਪੇ ਨੀ ਅਜ ਰਾਤ ਸਜਨ ਨੇ
ਸਾਨੂੰ ਫੜ ਘੁਟ ਰਖਿਆ,
'ਵਸਲ ਮਾਹੀ ਦਾ, ਮਿਹਰ ਮਾਹੀ ਦੀ'
ਅੱਜ ਅਸਾਂ ਨੇ ਲਖਿਆ,-
ਜਿੰਦੜੀ ਸਾਡੀ ਅੰਗ ਸਮਾ ਲਈ
ਵੇਖ ਵੇਖ ਖ਼ੁਸ਼ ਹੋਵੇ:
ਕਿਉਂ ਸਹੀਓ! ਕੋਈ ਸ੍ਵਾਦ ਸਜਨ ਨੇ
ਛੁਹ ਸਾਡੀ ਦਾ ਬੀ ਚਖਿਆ? ੧੩.


www.sikhbookclub.com

## ਭੁੱਲ ਚੁਕੀ ਸਭਜਤਾ

ਪੰਡਤਾਣੀ ਕਸ਼ਮੀਰ
 'ਸਤਿਕਾਰ-ਲਵੇ' ਦਿਸ ਆਂਵਦੀ,
ਇੱਜ਼ਤਦਾਰ ਅਮੀਰ
 ਪਹਿਰਾਵਾ ਉਸ ਸੋਹਿਣਾ
ਵਰੀ ਹਯਾ ਦੇ ਨਾਲ
 ਸੁੰਦਰਤਾ ਉਸ ਫਬ ਰਹੀ,
ਫਿਰਦੀ ਖੁੱਲੇ ਹਾਲ-
 ਸੰਗ ਨਹੀਂ ਫਿਰ ਲਾਜ ਹੈ।
 ਤੁਰ ਫਿਰ ਰਹੀ ਤਸਵੀਰ
 ਕਿਸੇ ਪੁਰਾਣੇ ਸਮੇਂ ਦੀ;
 ਜਦ ਹੋਸੀ ਕਸ਼ਮੀਰ
 ਸਭਜ, ਪ੍ਰਾਬੀਨ, ਸੁਤੰਤਰਾ। ੧੪.

 www.sikhbookclub.com

# ਵਿਛੁੜੀ ਰੂਹ

. . . . .

. . . . .

. . . . .

. . . . .

. . . . .

ਵੇ ਮਾਹੀਆ! ਗਲੇ ਤੇਰੇ ਗਾਨੀਆਂ
ਰੋਵਾਂ ਪਾਣੀ ਨੂੰ
ਕੁਮਲਾਨੀ ਜਾਨੀ ਆਂ!

. . . . .

. . . . . ੧੫.

# ਨਵਾਂ ਕਸ਼ਮੀਰ

ਮੈਂ ਰੁੰਨੀ ਮੈਂ ਰੁੰਨੀ ਵੇ ਲੋਕਾ!
ਮੀਂਹ ਜਿਉਂ ਛਹਿਬਰ ਲਾਏ:
ਟੁਰੀ ਵਿਦਸਥਾਂ[1] ਡਲ[2] ਭਰ ਆਏ
ਤੇ ਵੁੱਲਰ[3] ਉਮਡ ਉਮਡਾਏ:-
ਆਪਾ ਹੇਠ ਵਿਛਾਕੇ ਸਹੀਓ!
ਅਸਾਂ ਨਵਾਂ ਕਸ਼ਮੀਰ ਬਣਾਯਾ,
ਗਾਓ ਸੁਹਾਗ ਨੀ ਸਹੀਓ! ਸੁਹਣਾ
ਕਦੇ ਸੈਰ ਕਰਨ ਚਲ ਆਏ। ੧੯.

---

੧. ਜਿਹਲਮ ਨਦੀ। ੨. ਸਿਰੀ ਨਗਰ ਦੀ ਝੀਲ।
੩. ਸਭ ਤੋਂ ਵਡੀ ਕਸ਼ਮੀਰ ਦੀ ਝੀਲ।


www.sikhbookclub.com

## ਵਿਛੋੜਾ ਵਸਲ

ਸਾਬਣ ਲਾ ਲਾ ਧੋਤਾ ਕੋਲਾ,
ਦੁੱਧ ਦਹੀਂ ਵਿਚ ਪਾਇਆ,
ਖੁੰਬ ਚਾੜ੍ਹ ਰੰਗਣ ਭੀ ਧਰਿਆ
ਰੰਗ ਨ ਏਸ ਵਟਾਇਆ;
ਵਿੱਛੁੜ ਕੇ ਕਾਲਖ ਸੀ ਆਈ
ਬਿਨ ਮਿਲਿਆਂ ਨਹੀਂ ਲਹਿੰਦੀ:
ਅੰਗ ਅੱਗ ਦੇ ਲਾਕੇ ਵੇਖੋ
ਚੜ੍ਹਦਾ ਰੂਪ ਸਵਾਇਆ। ੧੭.

## ਹੋਸ਼ ਮਸਤੀ

ਕਿਉਂ ਹੋਇਆ ਤੇ ਕੀਕੂੰ ਹੋਇਆ
ਖਪ ਖਪ ਮਰੇ ਸਿਆਣੇ,-
ਓਸੇ ਰਾਹ ਪਵੇਂ ਕਿਉਂ ਜਿੰਦੇ!
ਜਿਸ ਰਾਹ ਪੂਰ ਮੁਹਾਣੇ,।
ਭਟਕਣ ਛੱਡ, ਲਟਕ ਲਾ ਇੱਕੋ
ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ। ੧੮.

 www.sikhbookclub.com

## ਰੌਸ਼ਨ ਆਰਾ (ਸਮਾਧ 'ਚੋਂ)

ਕਿਉਂ ਜਚਦੇ* ਹਨ ਕਦਮ ਤੁਸਾਡੇ
ਬਾਗ਼ ਅਸਾਡਾ ਵੜਦੇ?
ਅਰਜ਼ ਨ ਕਰਦੇ, ਮੰਗ ਨ ਮੰਗਦੇ,
ਪੱਲਾ ਅਸੀਂ ਨ ਫੜਦੇ,
ਖ਼ਾਕ ਬਾਗ਼ ਵਿਚ ਖ਼ਾਕ ਹੋ ਗਏ
ਹੈ ਨਿਸ਼ਾਨ ਇਕ ਬਾਕੀ,
ਭਲਾ ਜਿ 'ਸਾਡੀ ਯਾਦ' ਕਦੇ ਇਹ
ਦਿਲ ਤੁਹਾਡੇ ਮੁੜ ਜੜਦੇ। ੧੯.

## ਰੌਸ਼ਨ ਆਰਾ ਯਾਤ੍ਰੀਆਂ ਨੂੰ :-

ਮੇਰੀ ਕਬਰ ਉਦਾਲੇ ਕੁਦਰਤ
ਬਾਗ਼ ਸੁਹਾਵਾ ਲਾਇਆ,-
ਬਾਗ਼ ਸੈਰ ਨੂੰ ਸਭ ਕੁਈ ਆਵੇ
ਕਬਰੋਂ ਪਰੇ ਰਹਾਇਆ,-
ਲੋਥ ਨਹੀਂ ਵੇ ਲੋਕੋ! ਮੈਂ ਹਾਂ
ਕਿਉਂ ਜਚਦੇ* ਤੇ ਹਟਦੇ ?
ਫੁਲ, ਫਲ, ਫਲੀ, ਕਲੀ ਤੇ ਪੱਤੇ
ਮਹੀਓਂ ਰੂਪ ਵਟਾਇਆ। ੨੦.

* ਜਚਦੇ=ਝਕਦੇ। ਇਹ 'ਜਚਦੇ' ਸ਼ਬਦ ਇਸੇ ਅਰਥ ਵਿਚ ਗੁਰੂ ਨਾਨਕ ਚਮਤਕਾਰ (ਪੂਰਬਾਰਧ) ਦੇ ਪੰਨਾ ੫੧੧ ਦੀ ਪੰਜਵੀਂ ਸਤਰ ਵਿਚ ਵੀ ਆਇਆ ਹੈ।


www.sikhbookclub.com

## ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ;
ਫਿਰ ਵੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਣਿਆਂ ਜਾਂਦਾ
ਦਰਦ ਦੇਖ ਦੁਖ ਆਂਦਾ। ੨੧.

## ਕਿੱਕਰ

{ਕਿੱਕਰ ਦਾ ਅਟੰਕ ਰਹਿਣੇ ਵਾਲਾ ਬ੍ਰਿਛ ਆਪਣੇ ਦਿਲ ਤਰੰਗ ਮਾਨੋਂ ਇਉਂ ਕਹਿੰਦਾ ਹੈ:-}

ਕੱਢ ਸਿਰੀ ਉੱਪਰ ਨੂੰ ਟੁਰਿਆ
ਵੱਲ ਅਕਾਸ਼ਾਂ ਜਾਵਾਂ,
ਉੱਪਰ ਨੂੰ ਤੱਕਾਂ ਰਬ ਵੰਨੇ
ਝਾਤਿ ਨ ਹੋਰਥੇ ਪਾਵਾਂ।
ਸ਼ਹਿਰ ਗਿਰਾਂ ਮਹਿਲ ਨਹੀਂ ਮਾੜੀ
ਕੁੱਲੀ ਢੋਕ ਨ ਭਾਲਾਂ,


www.sikhbookclub.com

ਮੀਂਹ ਹਨੇਰੀ ਗੜੇ ਧੁੱਪ ਵਿਚ
ਨੰਗੇ ਸਿਰ ਦਿਨ ਘਾਲਾਂ।
ਲੋ ਅਰਸ਼ਾਂ ਦੇ ਵਾਲੀ ਵੰਨੇ
ਹੋਰ ਲਾਲਸਾ ਨਾਹੀਂ,
ਗਿੱਠ ਥਾਉਂ ਧਰਤੀ ਤੋਂ ਲੀਤੀ
ਵਧਾਂ, ਟਿਕਾਂ, ਇਸ ਮਾਹੀਂ।
ਫੁੱਲਾਂ, ਫਲਾਂ, ਖਿੜਾਂ, ਰਸ ਚੋਵਾਂ
ਰਹਿ ਅਛੋਤ ਟੁਰ ਜਾਵਾਂ,
ਕੁੱਲੀ, ਗੁੱਲੀ, ਜੁੱਲੀ, ਦੁਨੀਆਂ!
ਬਿਨ ਮੰਗੇ ਮਰ ਜਾਵਾਂ।
ਮੀਂਹ ਦਾ ਪੀਵਾਂ ਪਾਣੀ ਦੁਨੀਆਂ
ਪੌਣ ਭੱਖ ਕੇ ਜੀਵਾਂ,
ਸਦੀਆਂ ਤੋਂ ਇਸਥਿਤ ਮੈਂ ਜੋਗੀ
ਸਦੀਆਂ ਇਵੇਂ ਟਿਕੀਵਾਂ।
ਛੇੜਾਂ ਛੇੜ ਕਰਾਵਾਂ ਨਾਹੀਂ
ਹਾਂ ਵਿਰਕਤ ਨਿਰਗੁਨੀਆਂ,
ਮੇਰੇ ਜੋਗਾ ਬੀ ਤੈਂ ਪੱਲੇ
ਹਾਇ, ਕੁਹਾੜਾ, ਦੁਨੀਆ! ੨੨.


www.sikhbookclub.com

# ਕੇਲੋਂ ਦੇ ਗਲ ਲਗੀ ਵੇਲ

ਦਿਓਦਾਰ ਚੀੜ ਆਦਿ ਦੀ ਭਾਂਤ ਵਿਚੋਂ ਪਹਾੜ ਵਿਚ ਇਕ ਨੂੰ ਕੇਲੋਂ ਆਖਦੇ ਹਨ। ਇਕ ਵੇਲ ਇਸ ਪਰ ਚੜ੍ਹੀ ਹੋਈ ਸੀ, ਇਕ ਅਯਾਲੀ ਵੇਲ ਤੋੜ ਮਰੋੜ, ਧੂਹ ਧਾਹਕੇ ਹੇਠਾਂ ਲਾਹ ਰਿਹਾ ਸੀ ਜੋ ਆਪਣੇ ਅੱਯੜ ਨੂੰ ਪਾਵੇ, ਵੇਲ ਦੀ ਅਯਾਲੀ ਅਗੇ ਮਾਨੋ ਉਸ ਵੇਲੇ ਦੀ ਪੁਕਾਰ ਇਹ ਹੈ :-

ਹਾਇ, ਨਾ ਧਰੀਕ ਸਾਨੂੰ,
ਹਾਇ, ਵੇ ਨ ਮਾਰ ਖਿੱਚਾਂ,
ਹਾਇ, ਨਾ ਵਿਛੋੜ
ਗਲ ਲੱਗਿਆਂ ਨੂੰ ਪਾਪੀਆ।

ਹਾਇ, ਨਾਂ ਤਣੁੱਕੇ ਮਾਰੀਂ,
ਖਿੱਚ ਨਾ ਫਟੱਕੇ ਦੇ ਦੇ,
ਵਰ੍ਹਿਆਂ ਦੀ ਲੱਗੀ ਸਾਡੀ
ਤੋੜ ਨਾ ਸਰਾਪੀਆ।

ਹਾਇ, ਨਾਂ ਵਲੂੰਧਰੀਂ ਵੇ!
ਸੱਟੀਂ ਨਾਂ ਉਤਾਰ ਭੁੰਞੇਂ,
ਸਜਣ ਗਲੋਂ ਟੁੱਟੀਆਂ
ਹੋ ਜਾਸਾਂ ਇਕਲਾਪੀਆ।

ਮੇਰੇ ਹੱਡ ਤਾਣ ਨਾਹੀਂ,
ਸੱਕਾਂ ਨਾ ਖੜੋਇ ਪੈਰੀਂ
ਖੜੀ ਸਜਣ ਆਸਰੇ ਹਾਂ,
ਅਬਲਾ ਮੈਂ ਅਮਾਪੀਆ।


www.sikhbookclub.com

ਪਜਾਰੇ ਨਾ ਵਿਛੋੜੀਏ ਵੇ
ਮਿਲੇ ਨਾ ਨਿਖੇੜੀਏ ਵੇ,
ਆਸਰੇ ਨ ਤੋੜੀਏ ਵੇ,
ਅਵੇ ਪਾੜੀਏ ਨ ਜੋੜੀਆਂ।

ਵਸਲ ਵੇਖ ਖੀਝੀਏ ਨਾ
ਅੱਡ ਕਰ ਰੀਝੀਏ ਨਾ
ਇਕ ਹੋਈਆਂ ਜਿੰਦਾਂ ਦੀਆਂ
ਹੁੰਦੀਆਂ ਨਹੀਓਂ ਕੋੜੀਆਂ।

ਵਿੱਥਾਂ ਵਾਲੇ ਜੱਗ ਵਿਚ
ਵਿੱਥਾਂ ਪਈਆਂ ਚੱਪੇ ਚੱਪੇ,
ਅੱਡ ਅੱਡ ਸਭ ਕੋਈ,
ਜੋੜੀਆਂ ਨੀ ਥੋੜੀਆਂ।

ਵਿੱਥਾਂ ਮੇਟ ਇੱਕੋ ਹੋਏ
ਓਹਨਾਂ ਵੇਖ ਰੀਝਣਾਂ ਵੇ
ਬਾਹੀਂ ਗਲੇ ਲਿਪਟੀਆਂ
ਨ ਚਹੀਏ ਕਦੇ ਤੋੜੀਆਂ। ੨੩.

 www.sikhbookclub.com

# ਇੱਛਾਬਲ ਦਾ ਨਾਦ

ਇਛਾਬਲ ਜਦ ਨਾਦ ਤਿਰਾ ਆ
ਪਹਿਲਾ ਕੰਨੀਂ ਪੈਂਦਾ,
ਭਰ ਸਰੂਰ ਸਿਰ ਵਿਚ ਇਕ ਜਾਂਦਾ
ਝੂਮ ਇਲਾਹੀ ਲੈਂਦਾ,-
ਹੀਰੇ ਵਰਗੀ ਚਮਕ ਨੀਰ ਦੀ
ਅੱਖਾਂ ਨੂੰ ਮਸਤਾਂਦੀ;
ਬੇਖ਼ੁਦੀਆਂ ਦਾ ਝੂਟਾ ਆਵੇ
ਚੜ੍ਹਿਆ ਹੁਲਾਰਾ ਰਹਿੰਦਾ। ੨੪.

# ਚਸ਼ਮਾ ਇੱਛਾਬਲ ਤੇ ਡੂੰਘੀਆਂ ਸ਼ਾਮਾਂ

ਪ੍ਰਸ਼ਨ- ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਵੀ ਨਹਿੰ ਹਾਰੀ,
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿਚ ਆਏ,
ਸਹਿਮ ਸੁਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

 www.sikhbookclub.com

ਚਸ਼ਮੇ ਦਾ ਉਤ੍ਰ-

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ
ਓਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ। ੨੫.

## ਪ੍ਰੀਤਮ ਛੁਹ

ਤੁਸਾਂ ਤੋੜਿਆ ਅਸੀਂ ਟੁਟ ਪਏ
ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨਾ ਲਾ ਸਟਿਆ
ਵਿਛੁੜ ਗਏ ਤੁਸਾਂ ਨਾਲੋਂ,
ਪੈਰਾਂ ਹੇਠ ਲਿਤਾੜ ਲੰਘਾਊਆਂ
ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ 'ਛੁਹ ਤੁਹਾਡੀ' ਦਾ
ਅਜੇ ਨ ਭੁਲਦਾ ਸਾਨੋਂ। ੨੬.

 www.sikhbookclub.com

## ਮੇਰੀ ਜਿੰਦੇ!

ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ
ਤੇਰਾ ਥਾਉਂ ਕਿਸੇ ਜੰਗਲ ਬੇਲੇ,
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ
ਤੇ ਗਾਂਦਿਆਂ ਫਿਰਨ ਅਕੇਲੇ,
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ
ਤੂੰ ਆਪੇ 'ਆਪੇ' ਨਾਲ ਖੇਲੇਂ,
ਤੂੰ ਕਿਵੇਂ ਗੋਲਿਆਂ ਵਿਚ ਆ ਖਲੋਤੀ
ਤੇਰੇ ਚਾਰ ਚੁਫੇਰੇ ਝਮੇਲੇ। ੨੭.

## ਨਾ ਹੋਇ ਉਹਲੇ

ਲੱਗੇ ਪਜਾਰ ਤਾਂ ਪਜਾਰੜਾ ਪਾਸ ਵੱਸੇ,
ਕਦੇ ਅੱਖੀਆਂ ਤੋਂ ਨਾ ਹੋਇ ਉਹਲੇ,
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ
ਸੂਰਤ ਓਸਦੀ ਦਿਲੋਂ ਨਾ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਜੇ ਹੋਇ ਉਹਲੇ
ਨਾਮ ਜੀਭ ਤੋਂ ਕਦੇ ਨ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਜਿ ਹੋਇ ਉਹਲੇ
ਸੁਰਤ ਦੇਹ ਤੋਂ, ਸ਼ਾਲਾ! ਤਦ ਹੋਇ ਉਹਲੇ। ੨੮.


www.sikhbookclub.com

# ਕਮਲ ਗੋਦੀ ਵਿਚ ਤ੍ਰੇਲ-ਮੋਤੀ

ਕਮਲ ਪੱਤ ਤੇ ਪਿਆ ਹਾਂ ਮੈਂ ਹਾਂ ਮੋਤੀ ਤ੍ਰੇਲ,
ਝੂੰਮਾਂ ਜੀਕੂੰ ਨੀਰ ਤੇ ਪੱਤਾ ਕਰਦਾ ਕੇਲ,-

ਸੂਰਜ ਰਿਸ਼ਮ ਪੁਰੋਤੜਾ ਹੇਠਾਂ ਉਤਰਜਾ ਆਣ,
ਸੋਨੇ ਤਾਰ ਪੁਰੋਤੜੇ ਮੋਤੀ ਵਾਂਙੂ ਜਾਣ,

ਡਲ੍ਹਕਾਂ 'ਗੋਦੀ ਕਮਲ' ਮੈਂ, ਚਮਕਾਂ ਤੇ ਥਰਰਾਉਂ,
ਜੀਕੂੰ ਖਿੜੀ ਸਵੇਰ ਦੀ ਕਿਰਨ ਦਏ ਲਹਿਰਾਉ।

ਭਾਗ ਭਰੇ ਜਿਸ ਹੱਥ ਨੇ ਪਲਮਾਯਾ ਮੈਂ ਹੇਠ,
ਸਭ ਨੂਰਾਂ ਦਾ ਹੱਥ ਉਹ ਕਾਦਰ ਮਾਲਕ, ਸੇਠ;

ਉਹੋ ਸੁਹਾਵਾ ਹੱਥ ਹੈ ਸ਼ਾਹ ਮੇਰੇ ਦਾ ਹੱਥ,
ਸਾਰੇ ਹਥ ਉਸ ਹੱਥ ਦੇ ਰਹਿੰਦੇ ਹੇਠਾਂ ਹੱਥ।

ਕਮਲ ਗੋਦ ਅਜ ਖੇਡਦਾ ਰਖਿਆ ਮੈਂ ਉਸ ਹੱਥ,
ਕੱਲ ਪਰ ਗੋਦੀ ਓਸਦੀ ਖੇਡਾਂਗਾ ਛਡ ਵਿੱਥ।

ਘੱਲੇ ਸੱਦੇ ਪਾਤਸ਼ਾਹ ਏਥੇ ਓਥੇ ਆਪ,
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ। ੨੯.


www.sikhbookclub.com

# ਬਿਨਫ਼ਸ਼ਾ ਦਾ ਫੁੱਲ*

ਬਿਨਫ਼ਸ਼ਾ ਦੇ ਡਾਢੇ ਖੁਸ਼ਬੂਦਾਰ ਫੁੱਲ ਪਹਾੜਾਂ ਵਿਚ ਐਸੇ (ਖ਼ੁਦ-ਰੌ) ਤੇ ਮੈਦਾਨੀ ਪੰਜਾਬ ਵਿਖੇ ਬਾਗ਼ਾਂ ਵਿਚ ਲਗਾਏ ਹੋਏ ਸਿਆਲੇ ਵਿਚ ਖਿੜਦੇ ਹਨ। ਪਹਾੜਾਂ ਵਿਚ ਏਹ ਨਜ਼ਰ ਨਾਂ ਖਿੱਚਣ ਵਾਲੇ ਢੰਗ ਉੱਗਦੇ ਵਧਦੇ ਹਨ, ਫਿਰ ਬੀ ਲੋਕੀ ਜਾ ਤੋੜਦੇ ਹਨ, ਇਸ ਦੇ ਟੁੱਟਣ ਸਮੇਂ ਦੇ ਦਿਲ-ਤਰੰਗ ਇਨ੍ਹਾਂ ਸਤਰਾਂ ਵਿਚ ਹਨ :-

ਮਿਰੀ ਛਿਪੀ ਰਹੇ ਗੁਲਜ਼ਾਰ, ਮੈਂ ਨੀਵਾਂ ਉੱਗਿਆ;
ਕੁਈ ਲਗੇ ਨ ਨਜ਼ਰ ਟਪਾਰ, ਮੈਂ ਪਰਬਤ ਲੁੱਕਿਆ।

ਮੈਂ ਲਿਆ ਅਕਾਸ਼ੋਂ ਰੰਗ, ਜੁ ਸ਼ੋਖ ਨ ਵੰਨ ਦਾ;
ਹਾਂ, ਧੁਰੋਂ ਗਰੀਬੀ ਮੰਗ, ਮੈਂ ਆਯਾ ਜਗਤ ਤੇ।

ਮੈਂ ਪੀਆਂ ਅਰਸ਼ ਦੀ ਤ੍ਰੇਲ, ਪਲਾਂ ਮੈਂ ਕਿਰਨ ਖਾ;
ਮੇਰੀ ਨਾਲ ਚਾਂਦਨੀ ਖੇਲ, ਰਾਤਿ ਰਲ ਖੇਲੀਏ।

ਮੈਂ ਮਸਤ ਆਪਣੇ ਹਾਲ, ਮਗਨ ਰੰਗਿ ਆਪਣੀ;
ਹਾਂ, ਦਿਨ ਨੂੰ ਭੌਰੇ ਨਾਲ ਭਿ ਮਿਲਣੋ ਸੰਗਦਾ।

ਆ ਸ਼ੋਖੀ ਕਰਕੇ ਪਉਣ, ਜਦੋਂ ਗਲ ਲੱਗਦੀ
ਮੈਂ ਨਾਂਹਿ ਹਿਲਾਵਾਂ ਧਉਣ, 'ਵਾਜ ਨਾ ਕੱਢਦਾ।

ਹੋ, ਫਿਰ ਬੀ ਟੁੱਟਾਂ, ਹਾਇ! ਵਿਛੋੜਨ ਵਾਲਿਓ!
ਮਿਰੀ ਭਿੰਨੀ ਇਹ ਖੁਸ਼ਬੋਇ ਕਿਵੇਂ ਨਾਂ ਛਿੱਪਦੀ।

ਮਿਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ;
ਹਾ, ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ। ੩੦.

* Voilet.

# ਗੁਲਾਬ ਦਾ ਫੁੱਲ

*ਖੇੜੇ ਖਿੜਕੇ ਆਖਦਾ ਹੈ:-*

ਧਰਤੀ ਗੋਦ ਬਨਾਇ
ਮੈਂ ਇਸ ਵਿਚ ਖੇਡਿਆ,
ਮਿੱਟੀ ਜੜ੍ਹਾਂ ਗਡਾਇ
ਮੈਂ ਭੋਜਨ ਖਿੱਚਿਆ,
ਰਜ ਰਜ ਪੀਤਾ ਨੀਰ
ਮੈਂ ਆਡੋਂ ਵਗਦੀਓਂ,
ਹੋਇਆ ਮੈਂ ਨਮਗੀਰ
ਤੇ ਤ੍ਰੇਲਾਂ ਚੱਖੀਆਂ।
ਬੱਦਲ ਅਰਸ਼ੋਂ ਸੱਦ
ਮੈਂ ਪਾਣੀ ਖਿੱਚਿਆ,
ਨ੍ਹਾਤਾ ਮੈਂ ਰਜ ਰੱਜ
ਤੇ ਨ੍ਹਾ ਨ੍ਹਾ ਨਿਖਰਿਆ।
ਸੂਰਜ ਪਾਸੋਂ ਧੂਹ
ਮੈਂ ਕਿਰਨਾਂ ਲੀਤੀਆਂ,
ਨਿੱਘੀ ਕੀਤੀ ਰੂਹ
ਮੈਂ ਵਧਿਆ ਮੌਲਿਆ।


www.sikhbookclub.com

ਚਾਨਣ ਤੇ ਨਿਘ ਕੱਢ
ਮੈਂ ਲੀਤਾ ਧੁੱਪ ਤੋਂ,
ਲਈ ਆਪ ਵਿਚ ਗੱਡ
ਓ ਮਾਨੋਂ ਧੁੱਪ ਮੈਂ।
ਤਾਣ ਚਾਂਦਨੀ ਸ਼ਾਲ
ਮੈਂ ਸੁੱਤਾ ਰਾਤ ਨੂੰ।
ਡਲ੍ਹਕ ਤਾਰਿਆਂ ਨਾਲ
ਮੈਂ ਲਈਆਂ ਲੋਰੀਆਂ।
'ਨ੍ਹੇਰਾ ਲਿਆ ਬਿਠਾਲ
ਮੈਂ ਪਹਿਰੇਦਾਰ ਸੀ,
ਕੁਈ ਨ ਦੇਇ ਉਠਾਲ
ਮੈਂ ਰਾਤੀਂ ਸੁੱਤਿਆਂ।
ਜੇ ਕੁਛ ਮੇਰੇ ਹਾਲ
ਸੀ ਮੈਨੂੰ ਸੌਂਜਿਆ,
ਆਪੇ ਵਿਚ ਬਿਠਾਲ
ਮੈਂ ਆਪਾ ਪਾਲਿਆ।
ਪਲ ਪਲ ਰੰਗ ਜਮਾਇ
ਮੈਂ ਭਰੀਆਂ ਡੋਡੀਆਂ,
ਡੋਡੀਆਂ ਖੇੜੇ ਲਜਾਇ
ਮੈਂ ਸਾਰਾ ਖਿੜ ਪਿਆ,

ਮਹਿਕਜਾ ਮੁਸ਼ਕ ਮਚਾਇ
ਤੇ ਲਪਟਾਂ ਛੱਡੀਆਂ,
ਹਾਂ, ਹੁਣ ਜਦ ਲਪਟ ਬੁਹਾਇ
ਮੈਂ ਡੁਲ੍ਹ ਡੁਲ੍ਹ ਪੈ ਰਿਹਾ,-
ਖੇੜਿਆਂ ਨਾਲ ਭਰਾਂਅ
ਮੈਂ ਝੋਲੀਆਂ ਅੱਡੀਆਂ
ਅਣਹੋਂਦਾ ਆਪ ਵੰਡਾਇ
ਮੈਂ ਵੰਡਿਆ ਜਾ ਰਿਹਾ।

— —

'ਦੇਣਾ' ਬਣਦਾ ਰੂਪ ਹੈ 'ਖੇੜੇ ਖਿੜ ਪਿਆਂ',
'ਦੇਣਾ' ਰੰਗ ਅਨੂਪ ਹੈ ਚੜ੍ਹਦਾ ਮੁਸ਼ਕਿਆਂ। ੩੧.


www.sikhbookclub.com

## ਦਿੱਲੀ ਦੀ ਇਕ ਬੇਨਿਸ਼ਾਂ ਸਮਾਧ

ਜੀਂਵਦਿਆਂ ਨਾ ਮਿਲਿਆ ਸੁਹਣਾ
ਅੰਤ ਸਮੇਂ ਨਾ ਆਇਆ,
ਮੁਖ-ਯਾਤ੍ਰਾ ਨਾ ਕੀਤਜੁਸ ਆਕੇ
ਸਿਹਰਾ ਬੀ ਨਾ ਭਿਜਵਾਇਆ;
ਬਣੀ ਸਮਾਧਿ ਜਗਤ ਆ ਢੁੱਕਾ
ਸੁਹਣੇ ਝਾਤਿ ਨ ਪਾਈ;
ਸ਼ਾਲਾ! ਮਿਟੇ ਨ ਤਾਂਘ ਅਸਾਡੀ
ਤੁਸੀਂ ਕਰੋ ਮਨ-ਭਾਇਆ। ੩੨.

## ਧੋਬੀ

ਧੋਬੀ ਕਪੜੇ ਧੋਂਦਿਆ
ਵੀਰਾ! ਹੋ ਹੁਸ਼ਿਆਰ!
ਪਿਛਲੇ ਪਾਸਜ਼ੋਂ ਆ ਰਿਹਾ
ਮੂੰਹ ਅੱਡੀ ਸੰਸਾਰ। ੩੩.


www.sikhbookclub.com

# ਸਾਈਂ ਲਈ ਤੜਪ

'ਤੜਪ-ਗੋਪੀਆਂ' ਕ੍ਰਿਸ਼ਨ ਮਗਰ ਜੋ
ਲੋਕੀ ਪਏ ਸੁਣਾਵਨ,
'ਲੁੱਛਣ-ਸੱਸੀ' ਪੁੱਨੂੰ ਪਿੱਛੇ
ਜੋ ਥਲ-ਤੜਫ ਦਿਖਾਵਨ,
ਰਾਂਝੇ ਮਗਰ ਹੀਰ ਦੀ ਘਾਬਰ,
ਮਜਨੂੰ ਦਾ ਸੁਕ ਜਾਣਾ,-
ਏਹ ਨਹੀਂ 'ਮੋਹ-ਨਜ਼ਾਰੇ' ਦਿਸਦੇ,
ਏਹ ਕੁਈ ਰਮਜ਼ ਛਿਪਾਵਨ।
ਹੇ ਅਰੂਪ! ਇਹ ਤੜਪ ਉਹੋ ਨਹੀਂ
ਧੁਰੋਂ ਤੁਸਾਂ ਜੋ ਲਾਈ?
ਕੀ ਇਹ ਚਿਣੰਗ ਨਹੀਂ ਉਹ ਜਿਹੜੀ
ਤੁਸਾਂ ਸੀਨਿਆਂ ਪਾਈ?
ਮਿਲਨ ਤੁਸਾਨੂੰ ਦੀ ਏ ਲੋਚਾ
ਏ ਹੈ ਤੜਪ ਤੁਸਾਡੀ,-
ਜਿੱਥੇ ਰਮਜ਼ ਪਵੇ ਕੁਈ ਕਟਕੀ
ਏ ਕਮਲੀ ਹੋ ਜਾਈ। ੩੪.

 www.sikhbookclub.com

# ਕੁਤਬ ਦੀ ਲਾਠ

ਕੀ ਤੂੰ ਕੁਤਬ[੧]! ਕੁਤਬ[੨] ਦਾ ਜਾਇਆ
ਸੈਮਟਿੰਕ[੩] ਹੈਂ ਤੂੰ ਅਸਲੋਂ?

ਯਾ ਪੱਥਰ, ਤੂੰ ਪੁੱਤ ਪਿਥੌਰਾ[੪]
ਆਰਯ[੫] ਹੈਂ ਤੂੰ ਨਸਲੋਂ?

ਕੀ ਤੂੰ ਕੁਤਬ[੬] ਧ੍ਰੂ ਧਰਤੀ ਦਾ,
ਛੋਟਾ ਉਸਦਾ ਭਾਈ

ਵਿਚ ਅਸਮਾਨ ਅਟਲ 'ਧ੍ਰੁਰ' ਓ ਹੈ
ਤੂੰ 'ਧ੍ਰੁਰ' ਹੈਂ ਇਸ ਥਾਈਂ?

---

੧. ਕੁਤਬ ਦੀ ਲਾਠ ਜੋ ਦਿੱਲੀ ਵਿਚ ਇਕ ਮੁਨਾਰਾ ਹੈ। ਧ੍ਰੂ ਤਾਰੇ ਨੂੰ ਵੀ ਕੁਤਬ ਕਹਿੰਦੇ ਹਨ।

੨. ਕੁਤਬ ਦੀਨ ਐਬਕ ਦਿੱਲੀ ਦਾ ਪਹਿਲਾ ਪਠਾਣ ਪਾਤਸ਼ਾਹ, ਜਿਸਨੇ ਆਖਦੇ ਹਨ ਕਿ ਕੁਤਬ ਦੀ ਲਾਠ ਬਣਾਈ। ਹਿੰਦੂ ਕਹਿੰਦੇ ਹਨ ਕਿ ਇਹ ਲਾਠ ਪ੍ਰਿਥੀਰਾਜ ਨੇ ਬਣਾਈ ਜੋ ਦਿੱਲੀ ਦਾ ਅੰਤਲਾ ਰਾਜਾ ਸੀ।

੩. ਅਰਬ ਆਦਿ ਦੀਆਂ ਕੌਮਾਂ, ਜਿਨ੍ਹਾਂ ਦਾ ਪਿੱਛਾ ਆਰਯ ਨਹੀਂ ਹੈ।

੪. ਪ੍ਰਿਥੀਂ ਰਾਜ ਦਾ ਦੂਜਾ ਨਾਮ 'ਰਾਇ ਪਿਥੌਰਾ' ਸੀ।

੫. ਆਰਯ ਨਸਲਾਂ ਜੋ ਹਿੰਦ, ਈਰਾਨ ਤੇ ਯੂਰਪ ਦੇ ਹਿੱਸਿਆਂ ਵਿਚ ਜਾਕੇ ਵਸੀਆਂ।

੬. ਧ੍ਰੂ ਤਾਰਾ।

ਚੰਦ੍ਰਰਾਜ* ਨੇ ਹਸ਼ਤ ਧਾਤ ਦਾ
ਥੰਮ੍ਹ ਜਿਵੇਂ ਬਨੰਵਾਇਆ,
ਯਾਦਗਾਰ ਅਪਣੀ ਦੀ ਖ਼ਾਤਰ
ਇਸ ਥਾਂ ਤੇ ਗਡਵਾਇਆ,

ਤਿਵੇਂ, ਦੱਸ, ਤੁਧ ਯਾਦਗਾਰ ਹਿਤ
ਪ੍ਰਿਥੀ ਰਾਜ ਬਨਵਾਇਆ?
ਹਿੰਦੂ ਰਾਜ ਗਏ ਦਾ ਬਾਕੀ
ਤੂੰ ਨੀਸ਼ਾਨ ਰਹਾਇਆ?

ਅਸ਼ੋਕ ਪੁਤਰੀ ਜਿਉਂ ਲੰਕਾ ਵਿਚ
ਬੋਧੀ ਬੋੜ੍ਹ ਜਮਾਇਆ,
ਕੁਤਬਦੀਨ ਨੇ ਕੀ ਤਿਉਂ ਤੈਨੂੰ
ਥੰਮ੍ਹ ਇਸਲਾਮ ਗਡਾਇਆ?
ਜਾਂ ਹਿੰਦੂ ਤੂੰ ਕੁਤਬਦੀਨ ਨੇ
ਕਲਮਾ ਆਣ ਪੜ੍ਹਾਇਆ?

* ਕੁੱਤਬ ਦੀ ਲਾਠ ਪਾਸ ਇਕ ਵਿਸ਼ਨੂੰ ਦੀ ਗਦਾ ਚੋਖੀ ਵੱਡੀ ਤੇ ਉੱਚੀ ਹਸ਼ਤ ਧਾਂਤੀ ਸਦੀਆਂ ਤੋਂ ਖੜੀ ਹੈ, ਇਹ ਚੰਦ੍ਰ ਰਾਜ ਨੇ ਆਪਣੀ ਵਿਜੈ ਤੇ ਬਣਵਾਈ ਸੀ। ਇਹ ਟਿਕਾਣਾ ਸਾਰਾ ਇਕ ਵਿਸ਼ਨੂੰ ਮੰਦਰ ਹੈ ਜੋ ਮੁਸਲਮਾਨਾਂ ਨੇ ਢਾਹਕੇ ਕਬਰਾਂ ਨਾਲ ਭਰਿਆ ਹੈ।

ਪਹਿਲਾਂ ਹਿੰਦੂ, ਵਿਚ ਇਸਲਾਮੇ
ਤੂੰ ਦਾਖ਼ਲ ਸੈਂ ਆਇਆ?

ਜਿਨੇ ਤੁੱਧ ਬਨਾਯਾ, ਭਾਈ!
ਗ਼ਲਤੀ ਬੜੀ ਕਰਾਈ,-

ਨਾਮ ਠਾਮ ਅਪਣੇ ਦੀ ਕੋਈ
ਸ਼ਿਲਾ ਨ ਇੱਕ ਲੁਆਈ।

ਹਸ਼ਤ ਧਾਤ ਦੀ ਲਾਠ ਉੱਪਰੇ
'ਚੰਦ੍ਰ ਰਾਜ' ਉਕਰਾਇਆ;

ਅਪਣਾ ਨਾਮ ਪਤਾ ਲਿਖ ਦਿੱਤਾ
ਭਰਮ ਨ ਅੱਜ ਪੁਆਇਆ;

ਤਿਉਂ ਜੇ ਤੇਰਾ ਪਿਤਾ ਕੁਈ ਦੋ
ਹਰਫ਼ ਕਿਤੇ ਲਿਖ ਜਾਂਦਾ,

ਤੈਂ ਅਸਲੇ ਦਾ ਝੇੜਾ ਸਾਰਾ
ਸਿਰ ਨਾ ਕਿਸੇ ਖਪਾਂਦਾ।

'ਕੁਤਬ' ਨਾਮ ਤੋਂ ਸੈਮਟਿਕ ਜਾਪੇਂ
'ਲਾਠ' ਨਾਮ ਤੋਂ ਹਿੰਦੂ,

ਪਰ ਸਾਨੂੰ ਤੂੰ ਸਾਂਝਾ ਦਿੱਸੇਂ
ਹਿੰਦ ਗਗਨ ਦਾ ਇੰਦੂ।


www.sikhbookclub.com

ਹਿੰਦੁਸਤਾਨੀ ਅਜਬਾਂ ਅੰਦਰ
ਤੂੰ ਮਿਨਾਰ ਲਾਸਾਨੀ,
ਅਸਲ ਨਸਲ ਹੈ ਭਾਵੇਂ ਕੋਈ
ਤੂੰ ਹੈਂ ਹਿੰਦੁਸਤਾਨੀ।
ਜਾਤਿ ਜਨਮ ਤੇ ਅਸਲ ਨਸਲ ਨੂੰ
ਕੋਈ ਕਦੇ ਨ ਛਾਣੇ,
ਜਦ ਸੁੰਦਰਤਾ ਦਰਸ਼ਨ ਦੇਵੇ
ਸਭ ਕੁਈ ਅਪਣੀ ਜਾਣੇ। ੩੫.

## ਮਰਦ ਦਾ ਕੁੱਤਾ

ਸੁਬਕ ਸੁਬਕ ਧਰ ਪੈਰ
ਕੁੱਤਾ ਸੀ ਇਕ ਜਾਂਵਦਾ,
ਕਿਤੇ ਕਿਤੇ ਪਲ ਠਹਿਰ
ਬੂਥੀ ਲਾ ਲਾ ਸੁੰਘਦਾ।
ਖੜ੍ਹ ਗਈ ਏਸੇ ਥਾਨ
ਰਾਹ ਜਾਂਦੀ ਇਕ ਸੁੰਦਰੀ,
ਹੋਇ ਰਹੀ ਹਰਿਆਨ
'ਕੌਤਕ-ਕੁੱਤਾ' ਵੇਖਕੇ।

 www.sikhbookclub.com

ਦਾਨਾ ਇੱਕ ਸੁਜਾਨ
ਏਨੇ ਨੂੰ ਆ ਨਿਕਲਿਆ,-
'ਕੀ ਕਰਦਾ ਇਹ ਸ੍ਵਾਨ?'
ਕਾਰਨ ਉਸਨੂੰ ਪੁੱਛਦੀ।

'ਕੁੱਤਾ ਕਰੇ ਪਛਾਣ',
ਦਾਨੇ ਨੇ ਹਸ ਆਖਿਆ:
'ਕਿਤੇ ਪਿਆ ਪਕਵਾਨ,
ਕੋਈ ਮੇਰੇ ਖਾਣ ਦਾ।'

ਕੁੱਤਾ ਸੁਣਕੇ ਤੱਕਿਆ
ਬੋਲਿਆ ਢਾਕ ਮਰੋੜ :
'ਹੋਸ਼ ਕਰੀਂ ਓ ਦਾਨਿਆਂ!
ਮਨੋਂ ਉਕਤਿ ਨਾ ਜੋੜ।

'ਲਾਲਚ ਬੱਧੇ ਆਦਮੀ
ਤ੍ਰਿਸ਼ਨਾ ਕੁੱਠੇ ਲੋਕ,
'ਹਰ ਇਕ ਜਾਣਨ ਰੁੜ੍ਹ ਰਿਹਾ;
ਲੋਭ ਲਹਿਰ ਦੀ ਝੋਕ।

'ਕੁੱਤਾ, ਸੱਜਣਾਂ! ਠੀਕ ਮੈਂ
ਨੀਵੀਂ ਹੈ ਮੈਂ ਜਾਤਿ,


www.sikhbookclub.com

'ਨੀਚ ਜਾਣ ਮੈਂ ਤੇ ਤੁਸਾਂ
ਨੀਵੀਂ ਮਾਰੀ ਝਾਤ,
'ਪਰ ਤੁਹਾਨੂੰ ਨਹੀਂ ਪਤਾ ਹੈ
ਸੰਗਤ ਮਰਦ ਸੁਜਾਨ
'ਦੀ ਮੈਂ ਕੀਤੀ ਚਿਰਾਂ ਤੋਂ
ਠਰਕੀ ਹੋ ਗਿਆਂ ਸ੍ਵਾਨ।

'ਸੁੰਘ ਨ ਰੋਟੀ ਮੈਂ ਰਿਹਾ
ਬੋਟੀ ਦੀ ਨਹੀਂ ਝਾਕ,
'ਯਾਰੀ ਲੱਗੀ ਮਰਦ ਦੀ
ਉਸਦੀ ਹਰ ਥਾਂ ਤਾਕ।

'ਠਰਕ ਪ੍ਰੇਮ ਦਾ ਪੈ ਗਿਆ
ਪ੍ਰੇਮ ਲਪਟ ਦੀ ਸਿੱਕ।
'ਮਰਦ ਸੰਗ ਤੋਂ ਸਿੱਖ੍ਯਾ
ਗੁਣ ਮੈਂ ਵੱਡਾ ਇੱਕ :

'ਪ੍ਰੇਮ ਕਰਾਂ ਨਿਜ ਮਰਦ ਨੂੰ
ਤੱਕਾਂ ਸੁੰਘਾਂ ਪਜਾਰ,
'ਜਿੱਥੇ ਮੁਸ਼ਕ ਪਰੀਤ ਦੀ
ਓਥੋਂ ਮੈਂ ਬਲਿਹਾਰ।


www.sikhbookclub.com

'ਦੇਖੋ ਸੁੰਞੀ ਥਾਉਂ ਸਭ
ਤੁਸੀਂ ਪਈ ਹਰ ਓਰ;
'ਸੁੰਞੀ ਸਾਰੀ ਨਹੀਂ ਹੈ
ਨਹੀਂ ਏ ਨਵੀਂ ਨਕੋਰ।

'ਨਜ਼ਰ ਚੱਕ ਖਾਂ ਦਾਨਿਆਂ!
ਝਾਤ ਪਿਛੇਰੇ ਮਾਰ,
'ਜਿਨ੍ਹਾਂ ਵਸਾਏ ਦੇਸ਼ ਸਨ
ਕਿੱਥੇ ਹਨ ਓ ਯਾਰ?

'ਤੁਰ ਤੁਰ ਗਈਆਂ ਖੂਹਣੀਆਂ
ਕਦਮ ਕਦਮ ਕਰ ਵਾਸ;
'ਗਹਿਮਾ ਗਹਿਮ ਸੁ ਨਗਰੀਆਂ
ਵਸ ਵਸ ਹੋਈਆਂ ਨਾਸ।

'ਜੰਗਲ ਸਨ ਫਿਰ ਹਲ ਫਿਰੇ
ਸ਼ਹਿਰ ਬਣੇ ਫਿਰ ਆਨ,
ਸ਼ਹਿਰ ਗਿਰੇ, ਫਿਰ ਹਲ ਫਿਰੇ
ਖੋਲੇ ਹੋ ਸੁਨਸਾਨ,
'ਕਈ ਵੇਰ ਇਉਂ ਦੌਰ ਹੈ
ਪਰਤ ਚੁਕਾ ਇਸ ਥਾਉਂ,


www.sikhbookclub.com

'ਬਾਕੀ ਲਭਦਾ ਹੈ ਨਹੀਂ
ਪਤਾ ਨਿਸ਼ਾਨ ਕਿ ਨਾਉਂ।
'ਕਿਸੇ ਕਿਸੇ ਥਾਂ ਆਦਮੀ
ਕਦੇ ਗਏ ਹਨ ਬੈਠ,
'ਬੱਧੇ ਹਿਤ ਦੇ ਕਿਸੇ ਥਾਂ
ਕਿਸੇ ਜਗਾ ਕਰ ਐਂਠ।
'ਕਿਤੇ ਜੋੜੀਆਂ ਸੁਹਣੀਆਂ
ਕਿਤੇ ਗੁਟਕਦੇ ਯਾਰ!
'ਮਮਤਾ ਬੱਧੇ ਮਾਪੜੇ
ਖਿੱਚੇ ਕਿਤੇ ਪਿਆਰ।
'ਬੈਠ ਬੈਠ ਉਠ ਗਏ ਹਨ
ਸੁੰਞੇ ਕਰ ਅਸਥਾਨ,
'ਮੁੜਕੇ ਪਰਤੇ ਨਾ ਕਦੇ
ਗਏ ਨ ਛੱਡ ਨਿਸ਼ਾਨ।
'ਕਿਤੇ ਦਰਦ ਦੇ ਹੰਝੂ ਸਨ
ਕਿਰੇ ਕਲੇਜੇ ਠਾਰ,
'ਕਿਤੇ ਬਿਰਹੁੰ ਦੇ ਨੈਣ ਸਨ
ਵੱਸੇ ਮੁਹਲੇ ਧਾਰ।


www.sikhbookclub.com

'ਕਿਤੇ ਸ਼ੁਕਰ ਤੇ ਭਗਤਿ ਦੇ
ਸ਼ਬਦਾਂ ਦੀ ਝੁਨਕਾਰ,
'ਕੀਰਤਿ ਹੋਈ ਸੋਹਿਣੀ
ਲਗੇ ਦਿਵਾਨ ਅਪਾਰ।

'ਵਿਛੁੜੇ ਮਿਲਿਆਂ ਕਿਸੇ ਥਾਂ
ਨੈਣੀ ਨੈਣ ਮਿਲਾਇ,
'ਦੋ ਦੀਵਜਾਂ ਦੇ ਨੂਰ ਜਿਉਂ
ਇਕ ਹੋ ਰੰਗ ਜਮਾਇ।

'ਹੰਸਾਂ ਵਾਂਙੂ ਸੁਹਣਿਆਂ
ਕੇਲ ਕਰੇ ਕਿਸ ਥਾਉਂ,
'ਪੈਲਾਂ ਪਈਆਂ, ਰਸ ਮਿਲੇ
ਖਿੜੇ ਕਲੇਜੇ ਭਾਉ।

'ਜਿਸ ਜਿਸ ਥਾਵੇਂ ਪਜਾਰੂਏ
ਬੈਠ ਗਏ ਰੰਗ ਲਾਇ,
'ਓਥੇ ਓਥੇ ਅਜੇ ਤਕ
ਲਪਟ ਰਹੀ ਲਹਿਰਾਇ।

'ਮਾਣਨਹਾਰੇ ਟੁਰ ਗਏ
ਸਮੇਂ ਗਏ ਹਨ ਬੀਤ,


www.sikhbookclub.com

'ਪਰ ਲਪਟੀ ਹੈ ਦੇ ਰਹੀ
ਲਪਟ ਆਪਣੀ ਪ੍ਰੀਤਿ।
'ਸੁੱਚੀ ਪ੍ਰੀਤੀ ਦੇਂਵਦੀ
ਸਦਾ ਸਦਾ ਖੁਸ਼ਬੋਇ,
'ਨਾਮਧਰੀਕੀ ਪ੍ਰੀਤਿ ਦੀ
ਨਾਸ਼ਮਾਨ ਹੈ ਲੋਇ।
'ਪਜਾਰ-ਆਦਮੀ ਰਿਦੇ ਮੈਂ
ਡੂੰਘਾ ਲਿਆ ਵਸਾਇ,
'ਇਸਦੀ ਪਜਾਰ-ਸੁਗੰਧਿ ਦਾ
ਚਸਕਾ ਰਿਹਾ ਸਮਾਇ।
'ਜਿਥੇ ਕੋਈ ਪਜਾਰੂਆ
ਕਰ ਗਜਾ ਕਦੇ ਪਿਆਰ,
'ਓਥੋਂ ਮੈਨੂੰ ਸੁੰਘਿਆਂ
ਮਿਲਦੀ ਲਪਟ ਅਪਾਰ।
'ਏਸ ਲਈ ਮੈਂ ਅਝਕਦਾ
ਸੁੰਘਦਾ ਹਰ ਥਾਂ ਜਾਉਂ,
'ਹੋ ਵਰਤੇ ਮਤ ਪਜਾਰ ਦੀ
ਕਿਤੇ ਲਪਟ ਮੈਂ ਪਾਉਂ।


www.sikhbookclub.com

'ਇਕ ਛਾਬੇ ਸਭ ਜਗ ਤੁਲੇ
ਦੂਜੇ 'ਮਰਦ-ਪਿਆਰ',
'ਭਾਰੀ ਛਾਬਾ ਪਜਾਰ ਦਾ
ਹੋਰ ਜਾਣ ਸਭ ਛਾਰ,
'ਜੋ ਬਣਿਆ ਸੋ ਭੱਜਸੀ
ਜੋ ਦਿੱਸੇ ਸੋ ਨਾਸ਼,
'ਲਪਟ ਲਹਿਰ ਇਕ ਪ੍ਰੇਮ ਦੀ
ਕਦੇ ਨ ਹੋਇ ਬਿਨਾਸ਼।
'ਸੱਚੀ ਰਿਸ਼ਮ ਪਿਆਰ ਦੀ
ਜੁਗ ਜੁਗ ਚਮਕ ਦਿਖਾਇ,
'ਸੱਚੀ ਰੀਂਢ ਪਿਆਰ ਦੀ
ਪੀਡੀ ਹੁੰਦੀ ਜਾਇ,
'ਸੱਚੀ ਗੰਧਿ ਪਿਆਰ ਦੀ
ਸਦਾ ਸਦਾ ਮਹਿਕਾਇ,
'ਸੱਚੀ ਅੰਸ਼ ਪਿਆਰ ਦੀ,
ਸਾਂਈਂ-ਚਰਨ ਪੁਚਾਇ।' ੩੬.


www.sikhbookclub.com

# ਵਿਛੁੜੀ ਕੂੰਜ

. . . . .
. . . . .
. . . . .
. . . . .
. . . . .
ਮਿੱਠੇ ਤਾਂ ਲਗਦੇ ਮੈਨੂੰ
ਫੁੱਲਾਂ ਦੇ ਹੁਲਾਰੇ,
ਜਾਨ ਮੇਰੀ ਪਰ ਕੁੱਸਦੀ!
. . . . .
. . . . . ੩੭.

 www.sikhbookclub.com

## ਫੁਹਾਰਾ

ਮੂੰਹ ਅੱਡੀ ਅਰਸ਼ਾਂ ਵਲ ਤਕੀਏ
(ਇਕ) ਬੂੰਦ ਨ ਕੋਈ ਪਾਵੇ,
ਜਦੋਂ ਅਸਾਂ ਵਿਚ ਆ ਗਿਆ ਕੋਈ
ਆ ਉਹ ਛਹਿਬਰ ਲਾਵੇ,-
ਤਦੋਂ ਅਸੀਂ ਹੋ ਦਾਤੇ ਵਸੀਏ
ਠੰਢ ਸੁਹਾਵਾਂ ਵਾਲੇ,-
ਕਿਧਰੋਂ, ਕੌਣ, ਕਦੋਂ, ਦਸ ਸਖੀਏ!
ਕਿਤ ਗੁਣ ਉਹ ਕੋਈ ਆਵੇ? ੩੮.

## ਆਪੇ ਵਿਚ ਆਪਾ

ਅੰਮੀਂ ਨੀ ਕਲਵਲ ਹੋ ਉਠੀਆਂ
ਮੈਂ ਡਿੱਠਾ ਇਕ ਸੁਪਨਾ ਸੀ,-
ਮੇਰੀ ਮੈਂ ਵਿਚ ਹੋਰ ਕੋਈ ਨੀ
ਦਿਸਨਾ ਸੀ ਪਰ ਛੁਪਨਾ ਸੀ।
ਮੋਂਹਦਾ ਤੇ ਝਰਨਾਟ ਛੇੜਦਾ
ਚਸਕ ਮਾਰ ਠੰਢ ਪਾਵੇ ਓ,-
ਦੱਸ ਕੌਣ ਉਹ, ਕਦੋਂ ਵੜ ਗਿਆ,
ਕਿਉਂ ਦਿਸਨਾ, ਕਿਉਂ ਲੁਕਨਾ ਸੀ? ੩੯.


www.sikhbookclub.com

# ਚਾਂਦਨੀ

ਉਚੇ ਪਰਬਤਾਂ ਤੇ ਦਿਆਰਾਂ ਯਾ ਕੇਲੌਂ ਦੇ ਬ੍ਰਿਛ ਹੁੰਦੇ ਹਨ, ਜਿਨ੍ਹਾਂ ਦੇ ਪੱਤੇ ਸੂਈਆਂ ਵਾਂਗੂੰ ਖੜੇ ਹੁੰਦੇ ਹਨ। ਖਿੜੀ ਚਾਂਦਨੀ ਦੀਆਂ ਰਿਸ਼ਮਾਂ ਦੇ ਇਨ੍ਹਾਂ ਪੱਤਿਆਂ ਤੇ ਪੈਣ ਸਮੇਂ ਦੇ ਦਿਲ ਤਰੰਗ-

ਸੂਈਆਂ ਨਾਲੋਂ ਨਿੱਕੇ ਨਿੱਕੇ
ਚਾਂਦਨੀ ਦੇ ਪੈਰ ਸਹੀਓ!
ਕੇਲੌਂ ਦੀਆਂ ਸੂਈਆਂ ਉਤੇ
ਆਨ ਆਨ ਟਿੱਕਦੇ,

ਏਥੋਂ ਛਾਲਾਂ ਮਾਰ ਟੱਪ
ਪੈਣ ਚਿੱਟੇ ਪੱਥਰਾਂ ਤੇ
ਓਥੋਂ ਕੁੱਦ ਹੇਠ ਖੱਡ
ਪਾਣੀ ਉਤੇ ਡਿੱਗਦੇ।

ਲਹਿਰਾਂ ਦੇ ਉੱਤੇ ਉੱਤੇ
ਤਿਲ-ਮਿਲ ਖੇਡਦੇ ਨੀ
ਪੋਲੇ ਪੋਲੇ ਰੱਖ ਰੱਖ
ਠੁਮਕ ਠੁਮਕ ਠਿੱਕਦੇ,

ਨਾਚ ਕਰਨ ਪਾਣੀ ਉਤੇ
ਲਾਸਾਂ ਮਾਰਨ ਪੌਣ ਵਿਚ
ਚਾਂਦਨੀ ਦੇ ਨੈਣ ਉਪਰ
ਚੰਦ ਵਲ ਤੱਕਦੇ।


www.sikhbookclub.com

ਚੰਦ ਭਰਿਆ ਪਜਾਰ ਨਾਲ
ਤੱਕੇ ਵੱਲ ਚਾਂਦਨੀ ਦੇ
ਤੱਕਦਾ ਏ ਸਾਰਾ, ਸਹੀਓ!
ਅੱਖ ਹੀ ਜੇ ਹੋ ਰਿਹਾ।

ਚਾਨਣ ਚੰਦ ਦੇਂਵਦਾ ਜੇ
ਚਾਨਣ ਏ ਆਪ ਸਾਰਾ
ਚਾਨਣੀ ਦੇ ਚਾਨਣੇ ਨੂੰ
ਵੇਖ ਰੀਝ ਜੇ ਰਿਹਾ।

ਚਾਨਣੇ ਦੇ ਰੂਪ ਪਜਾਰ
ਭੇਜਦਾ ਏ ਚਾਂਦਨੀ ਨੂੰ
ਲਗਾਤਾਰ ਪਜਾਰ-ਮੀਂਹ
ਚੰਦ ਹੇਠ ਦੇ ਰਿਹਾ।

ਚਾਂਦਨੀ ਨ ਲੋਭਦੀ ਹੈ
ਹੇਠਾਂ ਕਿਸੇ ਪਜਾਰ ਹੋਰ
ਧਜਾਨ ਚੰਦ ਵਿਚ ਖਿੱਚ
ਉਤਾਹਾਂ ਮਨ ਲੈ ਰਿਹਾ।

ਖੱਡਾਂ ਨਦੀ ਨਾਲਿਆਂ ਤੇ
ਖੇਤਾਂ ਬਨਾਂ ਜੰਗਲਾਂ ਤੇ
ਸ਼ਹਿਰਾਂ ਪਿੰਡਾਂ ਸਭਨਾਂ ਤੇ
ਚਾਂਦਨੀ ਹੈ ਪੈ ਰਹੀ।


www.sikhbookclub.com

ਰਾਜਿਆਂ ਅਮੀਰਾਂ ਤੇ ਗ਼ਰੀਬਾਂ
ਪਾਪੀ ਪੁੰਨੀਆਂ ਦੇ
ਸਾਰਿਆਂ ਦੇ ਦ੍ਵਾਰਿਆਂ ਤੇ
ਚਾਨਣਾ ਹੈ ਦੇ ਰਹੀ।

ਵਜਾਪੀ ਸਾਰੇ ਦਿੱਸਦੀ ਹੈ
ਖਚਿਤ ਕਿਸੇ ਵਿਚ ਨਾਂਹਿ,
ਧਜਾਨ ਲਾਇਆਂ ਚੰਦ ਵਿਚ
ਚੰਦ ਖਿੱਚ ਪੈ ਰਹੀ।

ਚੰਦ ਪਜਾਰੇ[੧] ਚਾਂਦਨੀ ਨੂੰ
ਚਾਂਦਨੀ ਖਿਚੀਵੇ ਚੰਦ,
ਵੱਸ ਮਾਤਲੋਕ[੨] ਸ੍ਵਾਦ
ਅਰਸ਼ਾਂ ਦਾ ਜੇ ਲੈ ਰਹੀ। ੪੦.

---

੧. ਪਿਆਰ ਕਰਦਾ ਹੈ।
੨. ਧਰਤੀ ਤੇ।

 www.sikhbookclub.com

# ਅਵਾਂਤੀ ਪੁਰੇ ਦੇ ਖੰਡਰ*

ਅਵਾਂਤੀਪੁਰਾ ਕੀ ਰਹਿ ਗਿਆ ਬਾਕੀ
ਦੋ ਮੰਦਰਾਂ ਦੇ ਢੇਰ,
ਬੀਤ ਚੁਕੀ ਸਭਜਤਾ ਦੇ ਖੰਡਰ
ਦਸਦੇ ਸਮੇਂ ਦੇ ਫੇਰ,

ਸਾਖੀ ਭਰ ਰਹੇ ਓਸ ਅੱਖ ਦੀ
ਜਿਸ ਵਿਚ ਮੋਤੀਆਬਿੰਦ
ਹੁਨਰ ਪਛਾਣਨ ਵਲੋਂ ਛਾਇਆ
ਗੁਣ ਦੀ ਰਹੀ ਨ ਜਿੰਦ।

'ਜੋਸ਼-ਮਜ਼੍ਹਬ' ਤੇ 'ਕਦਰ-ਹੁਨਰ' ਦੀ
ਰਹੀ ਨ ਠੀਕ ਤਮੀਜ਼,
ਰਾਜ਼ੀ ਕਰਦੇ ਹੋਰਾਂ ਤਾਈਂ
ਆਪੂੰ ਬਣੇ ਮਰੀਜ਼।

ਬੁਤ ਪੂਜਾ? 'ਬੁਤ' ਫੇਰ ਹੋ ਪਏ
'ਹੁਨਰ' ਨ ਪਰਤਜਾ, ਹਾਇ!
ਮਰ ਮਰਕੇ 'ਬੁਤ' ਫੇਰ ਉਗਮ ਪਏ
ਗੁਣ ਨੂੰ ਕੌਣ ਜਿਵਾਇ? ੪੧.

---

* ਦੋ ਪੁਰਾਣੇ ਮੰਦਰਾਂ ਦੇ ਖੋਲੇ, ਸ੍ਰੀ ਨਗਰ ਤੇ ਅਨੰਤ ਨਾਗ ਵਿਚਾਲੇ।

 www.sikhbookclub.com

## ਕੰਡੇ

ਫੁਲ ਗੁਲਾਬ ਤੋਂ ਕਿਸੇ ਪੁਛਿਆ;
'ਅਵੇ ਕੋਮਲਤਾ ਦੇ ਸਾਈਂ!
'ਇਸ ਸੁਹਣਪ, ਇਸ ਸੁਹਲ ਸੁਹਜ ਨੂੰ
ਹੈ ਕਿਉਂ ਕੰਡਿਆਂ ਬਜ ਲਾਈ?'
ਮਸਤ ਅਲਸਤੀ ਸੁਰ ਵਿਚ ਸੁਹਣੇ
ਹਸ ਕਿਹਾ: 'ਖ਼ਬਰ ਨ੍ਹੀਂ ਮੈਨੂੰ,
'-ਤੋੜ ਨਹੀਂ'- ਦੀ ਫੱਟੀ ਭਾਵੇਂ
ਮੇਰੇ ਮੌਲਾ ਨੇ ਲਿਖ ਲਾਈ।' ੪੨.

## ਯਾਦ

ਯਾਦ ਸਜਨ ਦੀ ਹਰਦਮ ਰਹਿੰਦੀ
ਲਹਿ ਗਈ ਡੂੰਘੇ ਥਾਈਂ।
ਵਾਂਗ ਸੰਗੀਤ ਲਹਿਰਦੀ ਅੰਦਰ
ਬਣ ਗਈ ਰਾਗ ਇਲਾਹੀ।
ਦਾਰੂ ਵਾਂਗ ਸਰੂਰ ਚਾੜ੍ਹਦੀ
ਤਰਬ ਵਾਂਗ ਥਰਰਾਵੇ;
ਖਿੱਚੇ ਤੇ ਰਸਭਿੰਨੀ ਕਸਕੇ
ਲੱਗੇ ਫਿਰ ਸੁਖਦਾਈ। ੪੩.


www.sikhbookclub.com

## ਪਸਾਰੀ ਕਿ ਮਖੀਰ!

ਤੋੜ ਗੁਲਾਬ ਪਸਾਰੀ ਲਜਾਯਾ
ਮਲ ਮਲ ਖੰਡ ਰਲਾਈ,-
ਭੀ ਕਉੜੱਤਣ ਰਹੀ ਸ੍ਵਾਦ ਵਿਚ
ਬਣੀ ਨ ਉਹ ਮਠਿਆਈ,
ਮੱਖੀ ਬਣ ਕਣ-ਰਸ ਜੇ ਚੁਣਦਾ
ਤੋੜ ਨ ਆਬ ਗੁਆਂਦਾ,
ਮਾਲੀ ਨਾਲੋਂ ਨੇਹੁੰ ਨ ਟੁਟਦਾ
ਰਸ ਪੀਂਦਾ ਸੁਖਦਾਈ। ੪੪.

## ਮਹਿੰਦੀ ਦੇ ਬੂਟੇ ਕੋਲ

ਮਹਿੰਦੀਏ ਨੀ ਰੰਗ ਰੱਤੀਏ ਨੀ!
ਕਾਹਨੂੰ ਰਖਿਆ ਈ ਰੰਗ ਲੁਕਾ, ਸਹੀਏ!
ਹੱਥ ਰੰਗ ਸਾਡੇ ਸ਼ਰਮਾਕਲੇ ਨੀ!
ਵੰਨੀ ਅੱਜ ਸੁਹਾਗ ਦੀ ਲਾ ਲਈਏ;
ਗਿੱਧੇ ਮਾਰਦੇ ਸਾਂ ਜਿਨ੍ਹਾਂ ਨਾਲ ਹੱਥਾਂ
ਰੰਗ-ਰੱਤੜੇ ਦੇ ਗਲੇ ਪਾ ਦਈਏ,-
ਗਲ ਪਾ, ਗਲਵੱਕੜੀ ਖੁਹਲੀਏ ਨਾ
ਰੰਗ ਲਾ ਰੰਗ-ਰੱਤੜੇ ਸਦਾ ਰਹੀਏ। ੪੫.

# ਸ਼ਾਲਾ ਮਾਰ

ਜੋਗੀ ਖੜੇ ਚਨਾਰ, ਸ਼ਾਂਤੀ ਵਸ ਰਹੀ,
ਨਹਿਰ ਵਹੇ ਵਿਚਕਾਰ ਬ੍ਰਿਤੀ ਪ੍ਰਵਾਹ ਜਿਉਂ।
ਹਰਿਆ ਭਰਿਆ ਵੰਨ ਮਖ਼ਮਲ ਘਾਹ ਦਾ,
ਛਾਇ ਸਹਿਜ ਦਾ ਰੰਗ ਸ਼ਾਂਤਿ ਏਕਾਂਤ ਹੈ।

ਫਿਰ ਆਈ ਅਬਸ਼ਾਰ ਪਾਣੀ ਢਹਿ ਪਿਆ
ਅਲਾਪ ਸੰਗੀਤ ਉਚਾਰ ਮਨ ਨੂੰ ਮੋਹ ਰਿਹਾ,
ਰੰਗ ਬਲੌਰੀ ਵੰਨ ਡਿਗਦੇ ਦਾ ਲਸੇ-,
ਫਿਰ ਕੁਝ ਕਦਮਾਂ ਲੰਘ ਹੇਠਾਂ ਜਾਂਵਦਾ,-

ਵਿਚ ਫੁਹਾਰਿਆਂ ਜਾਇ ਉੱਪਰ ਆਂਵਦਾ
ਕਲਾ-ਬਾਜ਼ੀਆਂ ਲਾਇ ਉਛਲੇ ਖੇਡਦਾ;
ਲਾਵੇ ਡਾਢਾ ਜ਼ੋਰ ਪਹਿਲ ਉਚਾਣ ਨੂੰ
ਪਹੁੰਚਾਂ ਮਾਰ ਉਛਾਲ ਪਰ 'ਖਿਚ' ਰੋਕਦੀ।

ਉੱਚਾ ਜਾਂਦਾ 'ਖਿੱਚ' ਫਿਰ ਲੈ ਡੇਗਦੀ,
ਉਛਲ ਗਿਰਨ ਦਾ ਨਾਚ ਹੈਵੇ ਹੋ ਰਿਹਾ।
ਵਿੱਚ ਵਿਚਾਲ ਅਜੀਬ ਬਾਰਾਂ-ਦਰੀ ਹੈ,
ਸ਼ਾਮ ਰੰਗ ਦਾ ਸੰਗ ਜਿਸ ਤੋਂ ਬਣੀ ਹੈ।
ਇਸ ਦੇ ਚਾਰ ਚੁਫੇਰ ਪਾਣੀ ਖੇਡਦਾ;

ਉਠਣ ਡਿਗਣ ਦਾ ਨਾਚ ਨਾਲੇ ਰਾਗ ਹੈ,
ਮਾਨੋਂ ਸਾਵਣ ਮੀਂਹ ਹੈਵੇ ਪੈ ਰਿਹਾ।
ਓ ਅਸਮਾਨੋਂ ਡਿੱਗ ਹੇਠਾਂ ਆਂਵਦਾ,

ਓ ਅਸਮਾਨੋਂ ਡਿੱਗ ਹੇਠਾਂ ਆਂਵਦਾ,
ਇਹ ਹੇਠੋਂ ਰਾਹ ਪਾੜ ਉਛਲ ਵੱਸਦਾ।

ਇਸ ਦੀ ਧੁਨਿ ਸੰਗੀਤ ਚਮਕ ਸੁਹਾਵਣੀ,
ਬੈਠਿਆਂ ਇਸ ਵਿਚਕਾਰ ਝੂਟੇ ਦੇਂਵਦੀ,
ਕੁਦਰਤ ਮਾਨੋਂ ਆਪ ਨਚ ਰਹੀ ਨਾਚ ਹੈ।
ਇਹ ਰੰਗ ਰਾਗ ਅਪਾਰ ਦਸ ਕੇ ਨੀਰ ਜੀ,
ਫਿਰ ਅੱਗੇ ਨੂੰ ਜਾਇ ਹੇਠਾਂ ਤਿਲਕਦੇ। ੪੬.

## ਕਸ਼ਮੀਰ ਤੋਂ ਵਿਦੈਗੀ

ਸੁਹਣਿਆਂ ਤੋਂ ਜਦ ਵਿਛੁੜਨ ਲਗੀਏ
ਦਿਲ ਦਿਲਗੀਰੀ ਖਾਵੇ,

ਪਰ ਤੈਥੋਂ ਟੁਰਦਜਾਂ ਕਸ਼ਮੀਰੇ!
ਸਾਨੂੰ ਨਾ ਦੁਖ ਆਵੇ,

'ਮਟਕ-ਹਿਲੋਰਾ' ਛੁਹ ਤੇਰੀ ਦਾ
ਜੋ ਰੂਹ ਸਾਡੀ ਲੀਤਾ

ਖੇੜੇ ਵਾਲੀ ਮਸਤੀ ਦੇ ਰਿਹਾ,
ਨਾਲ ਨਾਲ ਪਿਆ ਜਾਵੇ। ੪੭.


www.sikhbookclub.com

## ਨਸੀਮ ਬਾਗ਼

ਜਿਉਂ ਮਾਵਾਂ ਤਿਉਂ ਠੰਢੀਆਂ ਛਾਵਾਂ
ਅਸਾਂ ਤੁਧੇ ਦੀਆਂ ਡਿਠੀਆਂ,
ਠੰਢੀ ਪਜਾਰੀ ਗੋਦ ਤੁਧੇ ਦੀ
ਛਾਵਾਂ ਮਿਠੀਆਂ ਮਿਠੀਆਂ।
ਮਾਂ ਨੂੰ ਅਪਣਾ ਬਾਲ ਪਿਆਰਾ
ਤੈਨੂੰ ਸਭ ਕੁਈ ਪਜਾਰਾ,
ਜੋ ਆਵੇ ਉਸ ਲਾਡ ਲਡਾਵੇਂ
ਠਾਰੇਂ ਜਿੰਦੀਆਂ ਲੁਠੀਆਂ। ੪੮.

## ਵੱਧ ਪਿਆਰ ਵਿਚ-ਪ੍ਰੀਤਮ

ਸਿਕਦਾ ਸਿਕਦਾ ਵੱਛਾ ਛੁਟਿਆ
ਧਾ ਅੰਮੀ ਵਲ ਆਇਆ।
ਅੰਮੀਂ ਉਸ ਤੋਂ ਵੱਧ ਪਿਆਰੇ
ਤ੍ਰੁਠ ਤ੍ਰੁਠ ਲਾਡ ਲਡਾਇਆ।
ਸਿਕਦੀ ਨਦੀ ਜਾਲ ਜੱਫਰਾਂ
ਜਦ ਸ਼ਹੁ-ਸਾਗਰ ਪਹੁੰਚੀ
ਉਸ ਤੋਂ ਵੱਧ ਪਜਾਰ ਵਿਚ ਪ੍ਰੀਤਮ
ਮਿਲਣ ਅਗਾਹਾਂ ਧਾਇਆ। ੪੯.

# 'ਕਵਿ ਰੰਗ' ਸੁੰਦਰਤਾ

ਅਰਥਾਤ ਉਹ 'ਉਚ ਸੁੰਦਰਤਾ ਦੀ ਪ੍ਰਤੀਤੀ' ਜਿਸਦੇ
ਆਵੇਸ਼ ਵਿਚ ਕਵੀ ਤੋਂ ਉੱਚ ਕਾਵਜ ਪ੍ਰਕਾਸ਼ਦਾ ਹੈ।

ਕਵਿਤਾ ਦੀ ਸੁੰਦਰਤਾਈ ਉੱਚੇ ਨਛੱਤ੍ਰੀਂ ਵਸਦੀ,
ਅਪਣੇ ਸੰਗੀਤ ਲਹਿਰੇ ਅਪਣੇ ਪ੍ਰਕਾਸ਼ ਲਸਦੀ
ਇਕ ਸ਼ਾਮ ਨੂੰ ਏ ਉਥੋਂ ਹੇਠਾਂ ਪਲਮਦੀ ਆਈ,
ਰਸ ਰੰਗ ਨਾਲ ਕੰਬਦੀ ਸੰਗੀਤ ਥਰਥਰਾਈ,-

ਜਿਉਂ ਤ੍ਰੇਲ ਤਾਰ ਪ੍ਰੋਤੀ ਜਿਉਂ ਆਬ ਮੋਤੀਆਂ ਦੀ
ਨਜ਼ਰਾਂ ਦੀ ਤਾਰ ਪ੍ਰੋਤੀ ਨਾਜ਼ਕ, ਸੁਬਕ ਸੁਹਾਈ,
ਕੋਮਲ ਗਲੇ ਦੀ ਸੁਰ ਜਿਉਂ ਝੁਨਕਾਰ ਸਾਜ਼ ਦੀ ਜਿਉਂ
ਝਰਨਾਟ ਰੂਪ ਵਾਲੀ ਤਾਰੇ ਡਲ੍ਹਕ ਜਿਉਂ ਛਾਈ।

ਜਿਉਂ ਮੀਂਡ ਥਰਕੇ ਖਿਚਿਆਂ ਖਿਚ ਖਾ ਮੈਂ ਰੂਹ ਜੋ ਕੰਬੀ,
ਹੁਸਨਾਂ ਦੇ ਰੰਗ ਲਹਿਰੇ ਰਸ ਝੂਮ ਇਕ ਝੁਮਾਈ,
ਪੰਛੀ ਉਡਾਰ* ਵਾਂਙੂ ਆਪੇ ਦੇ ਖੰਭ ਫੜਕੇ
ਇਕ ਸੂਰ ਸਿਰ ਨੂੰ ਆਯਾ ਇਕ ਤਾਰ ਸਿਰ ਝੁਮਾਈ।

ਪੁਛਜਾ ਅਸਾਂ: 'ਹੇ ਸੁਹਣੀ ਤੂੰ ਆਪ ਸੁੰਦਰਤਾ ਹੈਂ,
'ਹੀਰੇ ਜੁਆਹਰ ਵਾਙੂ ਟਿਕਦੀਂ ਕਿਉਂ ਤੂੰ ਨਾਹੀਂ?
'ਪਰਬਤ ਖੜੇ ਸੁਹਾਵੇ ਝੀਲਾਂ ਤੇ ਬਨ ਸਮੁੰਦਰ
'ਕਾਯਮ ਇਨ੍ਹਾਂ ਦੀ ਸੋਭਾ ਦਾਯਮ[੧] ਰਹੇ ਹੈ ਛਾਈ।'

---

* ਉੱਡਣ ਨੂੰ ਤਿਆਰ ਪੰਛੀ।

੧. ਸਦਾ।

 www.sikhbookclub.com

ਬੋਲੀ ਓ ਥਰਥਰਾਂਦੀ ਲਰਜ਼ੇ[1] ਵਜੂਦ ਵਾਲੀ :-
'ਬਿਜਲੀ ਦੀ ਕੂੰਦ ਦਸ ਤੂੰ ਟਿਕਦੀ ਕਿਵੇਂ ਟਿਕਾਈ?
'ਲਸ ਦੇਕੇ ਕਿਰਣ ਸੂਰਜ ਲਰਜ਼ੇ ਦੇ ਦੇਸ਼ ਜਾਵੇ,
'ਸੁਰ ਰਾਗ ਦੀ ਥਰਾਂਦੀ ਕਿਸਨੇ ਟਿਕਾ ਲਿਆ ਈ?
'ਉਲਕਾ[2] ਅਕਾਸ਼ ਲਿਸ਼ਕੇ ਚਮਕਾਰ ਮਾਰ ਖਿਸਕੇ
'ਜੁੱਸਾ ਧਨੁਖ ਅਕਾਸ਼ੀ[3] ਕਿਸਨੇ ਟਿਕਾ ਲਿਆਈ?
'ਚੰਦੋਂ ਰਿਸ਼ਮ ਜੁ ਤਿਲਕੇ ਤਾਰਜੋਂ ਜੁ ਡਲ੍ਹਕ ਪਲਮੇਂ
'ਦੇ ਕੇ ਮਟੱਕਾ ਖਿਸਕੇ ਟਿਕਦੀ ਨਜ਼ਰ ਨ ਆਈ?
'ਚਾਤ੍ਰਿਕ ਦੀ ਪਜਾਰ ਚਿਤਵਨ ਕੋਇਲ ਦੀ ਕੂਕ ਕੁਹਣੀ[4]
'ਗਮਕਾਰ[5] ਦੇ ਨਸਾਵੇ, ਕਾਬੂ ਕਦੋਂ ਹੈ ਆਈ?

'ਲਰਜ਼ਾ ਵਤਨ ਜਿਨ੍ਹਾਂ ਦਾ ਲਰਜ਼ਾ ਵਜੂਦ ਉਨ੍ਹਾਂ ਦਾ
'ਚੱਕਰ ਅਨੰਤ ਅਟਿਕਵੇਂ ਓਹਨਾਂ ਦੀ ਚਾਲ ਪਾਈ,
'ਵਿੱਥਾਂ ਅਮਿਣਵੀਆਂ ਵਿਚ ਸਿਰ ਚੀਰਦੇ ਥਰਾਂਦੇ
'ਜਾਂਦੇ ਅਨੰਤ ਚਾਲੀਂ ਚਮਕਾਂ ਦੇ ਹਨ ਓ ਸਾਈਂ।

---

੧. ਕਾਂਬਾ ਹੀ ਜਿਸਦਾ ਸਰੀਰ ਹੋਵੇ।
੨. ਅਕਾਸ਼ਾਂ ਵਿਚ ਟੁਟਦੇ ਤੇ ਚਮਕਾਰ ਦੇਂਦੇ ਤਾਰੇ।
੩. ਅਕਾਸ਼ੀਂ ਪੀਂਘ।
੪. ਕਲੇਜਾ ਕੋਹ ਸੁਟਣ ਵਾਲੀ ਕੂਕ।
੫. ਸੰਗੀਤ ਥਰਥਰਾਹਟ।


www.sikhbookclub.com

'ਚਮਕਾਰ ਰੰਗ ਦੇਣਾ, ਰਮ ਝੂਮ ਵਿਚ ਝੁਮਾਣਾਂ,
'ਇਕ ਜਿੰਦ-ਛੋਹ ਲਾਣੀ, ਅਟਕਣ ਨਹੀਂ ਕਿਥਾਈਂ।
'ਲਰਜ਼ਾ ਵਤਨ ਜਿਨ੍ਹਾਂ ਦਾ ਲਰਜ਼ਾ ਵਜੂਦ ਉਨ੍ਹਾਂ ਦਾ
'ਰੇਖਾ ਅਨੰਤ ਅਟਿਕਵੀਂ 'ਲਰਜ਼ੇ' ਦੇ ਮੱਥੇ ਪਾਈ! ੫੦.

## ਕੰਬਦੇ ਪੱਥਰ

ਮਾਰਤੰਡ[੧] ਨੂੰ ਮਾਰ ਪਿਆਂ
'ਹੋਈ ਮੁੱਦਤ' ਕਹਿੰਦੀ ਲੋਈ,
ਪਰ ਕੰਬਣੀ ਪਥਰਾਂ ਵਿਚ ਹੁਣ ਤਕ
ਸਾਨੂੰ ਸੀ ਸਹੀ ਹੋਈ:
'ਹਾਇ ਹੁਨਰ ਤੇ ਹਾਏ ਵਿਦਯਾ
'ਹਾਇ ਦੇਸ਼ ਦੀ ਹਾਲਤ!
'ਹਾਇ ਹਿੰਦ ਫਲ ਫਾੜੀਆਂ ਵਾਲੇ[੨]!'
ਹਰ ਸਿਲ ਕਹਿੰਦੀ ਰੋਈ। ੫੧.

---

੧. ਇਕ ਸੂਰਜ ਮੰਦਰ ਜਿਥੇ ਕਦੇ ਖਗੋਲ ਵਿਦਯਾ ਦਾ ਬੀ ਟਿਕਾਣਾ ਹੁੰਦਾ ਸੀ, ਹੁਣ ਖੋਲੇ ਪਏ ਹਨ।

੨. ਸੇਬ ਨਾਸ਼ਪਾਤੀ ਵਾਂਗੂੰ ਇਕ ਜਾਨ ਨਹੀਂ ਪਰ ਸੰਤਰੇ ਵਾਂਕੂ ਵਿਚੋਂ ਫਾੜੀ ਫਾੜੀ, ਵਖੋ ਵਖ ਹੈ।

# ਅਮਰ ਰਸ

ਸੁਹਣੇ ਹੱਥ ਸੁਰਾਹੀ ਪਜਾਲਾ
ਦੇਖ ਦੁਖੀ ਖ਼ੁਸ਼ ਹੋਈ,
ਖ਼ੁਸ਼ ਹੋਈ ਮੁਖ ਵੇਖ ਸਜਨ ਦਾ
ਦੇਖ ਸੁਰਾਹੀ ਰੋਈ।
ਰੋਂਦੀ ਵੇਖ ਸਜਨ ਹਸ ਆਖੇ:-
'ਕੌੜੀ ਸ਼ਰਾਬ ਨ ਲਜਾਯਾ,
'ਅੰਮ੍ਰਿਤ ਏਸ ਸੁਰਾਹੀ ਭਰਿਆ,
'ਪੀਏ ਤੇ ਜੀਵੇ ਮੋਈ।'

ਦੇਹ ਇਕ ਬੂੰਦ ਸੁਰਾਹੀਓਂ ਸਾਨੂੰ
ਸੋਚ ਸਮੁੰਦਰ ਬੋੜੇ,
ਬੇਖ਼ੁਦੀਆਂ ਦੇ ਚਾੜ੍ਹ ਅਰਸ਼ ਤੇ
ਆਸ ਅੰਦੇਸੇ ਤੋੜੇ,
ਰੰਗ ਸੁਹਾਵੇ ਤੇ ਨੌਰੰਗੀ
ਪੀਂਘ ਘੁਕੇ ਆਨੰਦੀ
ਆਣ ਹੁਲਾਰੇ ਅਮਰ ਸੁਖਾਂ ਦੇ
ਮੁੜਨ ਨ ਐਸਾ ਜੋੜੇ। ੫੨.

 www.sikhbookclub.com

# ਕੰਬਦੀ ਕਲਾਈ

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ,

ਧਾ ਚਰਨਾਂ ਤੇ ਸੀਸ ਨਿਵਾਇਆ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ,

ਫਿਰ ਲੜ ਫੜਨੇ ਨੂੰ ਉਠ ਦਉੜੇ
ਪਰ ਲੜ ਉਹ 'ਬਿਜਲੀ ਲਹਿਰਾ'
ਉਡਦਾ ਜਾਂਦਾ, ਪਰ ਉਹ ਅਪਣੀ
ਛੁਹ ਸਾਨੂੰ ਗਜਾ ਲਾਈ:

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ,-
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਧ ਹੈ ਛਾਈ। ਪ੩.


www.sikhbookclub.com

## ਲਗੀਆਂ ਨਿਭਣ

ਪੱਥਰ ਨਾਲ ਨੇਹੁੰ ਲਾ ਬੈਠੀ
ਨਾਂ ਹੱਸੇ ਨ ਬੋਲੇ,
ਸੁਹਣਾ ਲੱਗੇ ਮਨ ਨੂੰ ਮੋਹੇ
ਘੁੰਡੀ ਦਿਲੋਂ ਨਾ ਖੋਲ੍ਹੇ।
ਛੱਡਿ ਛਡਿਆ ਜਾਂਦਾ ਨਾਹੀਂ
ਮਿਲਿਆਂ ਨਿੱਘ ਨ ਕੋਈ:
ਹੱਛਾ, ਜਿਵੇਂ ਰਜ਼ਾ ਹੈ ਤੇਰੀ
ਅਖੀਅਹੁੰ ਹੋਹੁ ਨ ਉਹਲੇ। ੫੪.

## ਰਉਂ ਰੁਖ

ਸਾਗਰ ਪੁਛਦਾ: 'ਨਦੀਏ! ਸਾਰੇ
ਬੂਟੇ ਬੂਟੀਆਂ ਲਜਾਵੇਂ,
ਪਰ ਨਾਂ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ?'

ਨਦੀ ਆਖਦੀ: 'ਆਕੜ ਵਾਲੇ
ਸਭ ਬੂਟੇ ਪਟ ਸੱਕਾਂ,
ਪਰ ਜੋ ਝੁਕੇ ਵਗੇ ਰਉਂ ਰੁਖ ਨੂੰ
ਪੇਸ਼ ਨ ਉਸ ਤੇ ਜਾਵੇ।' ੫੫.


www.sikhbookclub.com

# ਇਲਮ, ਅਮਲ

ਸਿਰ ਕਚਕੌਲ ਬਨਾ ਹਥ ਲੀਤਾ
ਪੜ੍ਹਿਆਂ ਦ੍ਵਾਰੇ ਫਿਰਿਆ,
ਦਰ ਦਰ ਦੇ ਟੂਕ ਮੰਗ ਮੰਗ ਪਾਏ
ਤੁੱਨ ਤੁੱਨ ਕੇ ਇਹ ਭਰਿਆ;

ਭਰਿਆ ਵੇਖ ਅਫਰਿਆ ਮੈ ਸਾਂ
ਜਾਣਾਂ ਪੰਡਿਤ ਹੋਇਆ,-
ਟਿਕੇ ਨ ਪੈਰ ਜ਼ਿਮੀਂ ਤੇ ਮੇਰਾ
ਉੱਚਾ ਹੋ ਹੋ ਟੁਰਿਆ।

ਇਕ ਦਿਨ ਇਹ ਕਚਕੌਲ ਲੈ ਗਿਆ
ਮੁਰਸ਼ਿਦ ਮੂਹਰੇ ਧਰਿਆ:
ਜੂਠ ਜੂਠ ਕਰ ਉਸ ਉਲਟਾਇਆ
ਖਾਲੀ ਸਾਰਾ ਕਰਿਆ।

ਮਲ ਮਲ ਕੇ ਫਿਰ ਧੋਤਾ ਇਸ ਨੂੰ
ਮੈਲ ਇਲਮ ਦੀ ਲਾਹੀ
ਵੇਖੋ, ਇਹ ਕਚਕੌਲ ਲਿਸ਼ਕਿਆ।
ਕੰਵਲ ਵਾਂਗ ਫਿਰ ਖਿੜਿਆ। ੫੬.

 www.sikhbookclub.com

## ਨਾਮ, ਧਿਆਨ, ਰਜ਼ਾ

ਨਾਮ ਸਜਣ ਦਾ ਜੀਭ ਚੜ੍ਹ ਗਿਆ
ਜਾਂ ਸੱਜਣ ਉਠ ਟੁਰਿਆ,
ਮੱਲ ਲਏ ਦੋ ਨੈਣ ਧਜਾਨ ਨੇ
ਸਬਕ ਰਜ਼ਾ ਦਾ ਫੁਰਿਆ,
ਬਿਰਹੋਂ ਦੇ ਹਥ ਸੌਂਪ ਅਸਾਨੂੰ
ਜੇ ਸੱਜਣ ਤੂੰ ਰਾਜ਼ੀ!
ਯਾਦ ਤੁਸਾਡੀ ਛੁਟੇ ਨ ਸਾਥੋਂ
ਪਜਾਰ ਰਹੇ ਲੂੰ ਪੁੜਿਆ। ੫੭.

## ਬਰਦਾ ਕਿ ਮਾਲਕ ?

ਇਕ ਮੇਲੇ ਵਿਚ ਫਿਰੇ ਆਦਮੀ
ਗਲ ਵਿਚ ਫੱਟੀ ਪਾਈ,-
ਫੱਟੀ ਤੇ ਲਿਖਿਆ: 'ਮੈਂ ਬਰਦਾ
'ਵਿਕਾਂ ਲਓ ਕੋਈ ਭਾਈ!'

ਲੈਣ ਲਗੇ ਮੈਨੂੰ ਕਿਸਿ ਕਹਿਆ:
'ਏ ਮਾਲਕ ਨਹੀਂ ਟੋਲੇ,
'ਏਸ ਭੇਸ ਏ ਬਰਦਾ ਲੱਭੇ
'ਚਾਹੇ ਹੁਕਮ ਚਲਾਈ।' ੫੮.


www.sikhbookclub.com

## ਬ੍ਰਿਛ

ਧਰਤੀ ਦੇ ਹੇ ਤੰਗ-ਦਿਲ ਲੋਕੋ!
ਨਾਲ ਅਸਾਂ ਕਿਉਂ ਲੜਦੇ?
ਚੌੜੇ ਦਾਉ ਅਸਾਂ ਨਹੀਂ ਵਧਣਾ
ਸਿੱਧੇ ਜਾਣਾ ਚੜ੍ਹਦੇ,
ਘੇਰੇ ਤੇ ਫੈਲਾਉ ਅਸਾਡੇ
ਵਿਚ ਅਸਮਾਨਾਂ ਹੋਸਣ;
ਗਿੱਠ ਥਾਉਂ ਧਰਤੀ ਤੇ ਮੱਲੀ
ਅਜੇ ਤੁਸੀਂ ਹੋ ਲੜਦੇ? ੫੯.

## ਗੁਲਾਬ ਦਾ ਫੁਲ ਤੋੜਨ ਵਾਲੇ ਨੂੰ :-

ਡਾਲੀ ਨਾਲੋਂ ਤੋੜ ਨ ਸਾਨੂੰ
ਅਸਾਂ ਹੱਟ 'ਮਹਿਕ' ਦੀ ਲਾਈ,
ਲਖ ਗਾਹਕ ਜੇ ਸੁੰਘੇ ਆਕੇ
ਖਾਲੀ ਕੋਇ ਨ ਜਾਈ;
ਤੂੰ ਜੇ ਇਕ ਤੋੜਕੇ ਲੈ ਗਿਓਂ
ਇਕ ਜੋਗਾ ਰਹਿ ਜਾਸਾਂ,-
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ। ੬੦.


www.sikhbookclub.com

## ਪ੍ਰੇਮ ਤਰੰਗੀਂ

ਪੁੰਨਿਆਂ ਨੂੰ ਸ਼ਹੁ ਸਾਗਰ ਉਛਲੇ
ਤਾਂਘ ਅਰਸ਼ ਦੀ ਕਰਦਾ,
ਦੂਰ ਵਸੇਂਦੇ ਸੁਹਣੇ* ਵੱਲੇ
ਉਮਲ ਉਮਲ ਜੀ ਭਰਦਾ
ਜਿਉਂ ਜਿਉਂ ਪਰ ਉਸ ਲਗੇ ਚਾਂਦਨੀ
ਤਿਉਂ ਤਿਉਂ ਕੀ ਉਹ ਦੇਖੇ?
ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀਂ
ਦਾਨ ਉਛਾਲੇ ਕਰਦਾ। ੬੧.

## ਡਲ

-ਸ੍ਰੀ ਨਗਰ ਦੀ ਝੀਲ-

ਨੀਵੇਂ ਲੁਕਵੇਂ ਥਾਇਂ ਕੁਦਰਤ ਬਾਗ਼ ਲਗਾਇਆ,
ਉਤੇ ਪਾਣੀ ਪਾਇ ਆਪਣੀ ਵੱਲੋਂ ਕੱਜਿਆ,
ਪਰਦਾ ਪਾਣੀ ਪਾੜ-ਸੁੰਦਰਤਾ ਨਾ ਲੁਕ ਸਕੀ:-
ਰੂਪ ਸਵਾਯਾ ਚਾੜ੍ਹ ਨਿਖਰ ਸੰਵਰ ਸਿਰ ਕੱਢਿਆ;
ਤਖਤਾ ਪਾਣੀ ਸਾਫ਼ ਵਿਛਿਆ ਹੋਇਆ ਜਾਪਦਾ,
ਪਰੀਆਂ ਜਜੋਂ ਕੁਹਕਾਫ਼ ਕਵਲਾਂ ਦਾ ਵਿਚ ਨਾਚ ਹੈ। ੬੨.

---
* ਭਾਵ ਚੰਦ੍ਰਮਾਂ ਤੋਂ ਹੈ।

## ਪਿੰਜਰੇ ਪਿਆ ਪੰਛੀ

# ਪਿੰਜਰੇ ਦੀ ਸਲਾਹੁਤ ਕਰਨ ਵਾਲੇ ਨੂੰ:-

ਜ਼ਾਲਮ ਖੜਾ ਹਵਾ ਖੁੱਲੀ ਵਿਚ
ਆਖੇ: 'ਪਿੰਜਰਾ ਸੁਹਣਾ'-
'ਵਿਚ ਆ ਜਾਵੇਂ ਫਿਰ ਮੈਂ ਪੁੱਛਾਂ।
ਕਿੰਨਾ ਹੈ ਮਨ ਮੁਹਣਾ?
'ਪਰ* ਤੋਂ ਹੀਨ ਧਰਾ ਦੇ ਕੈਦੀ!
ਓ ਮੂਰਖ ਦਿਲ ਕਰੜੇ!
'ਉੱਡਣਹਾਰੇ ਪੰਛੀ ਨੂੰ ਇਹ
ਸੁਹਣਾ ਹੈ ਜਿੰਦ-ਕੁਹਣਾ।'
ਜ਼ਾਲਮ ਨੂੰ ਰੰਗ ਸੁਹਣਾ ਲੱਗਾ
ਮਿੱਠੀ ਲੱਗੀ ਬਾਣੀ,-
'ਵਾਹਵਾ ਕਦਰ ਗੁਣਾਂ ਦੀ ਪਾਈ
ਛਹਿ ਕੇ ਜਾਲੀ ਤਾਣੀ।
'ਪਕੜ ਪਿੰਜਰੇ ਪਾਇ ਵਿਛੋੜਿਆ
ਸਾਕ ਸਨੇਹੀਆਂ ਨਾਲੋਂ,
'ਭੱਠ ਪਵੇ ਇਹ ਕਦਰ ਤੁਹਾਡੀ
ਖੇਹ ਇਸ ਯਾਰੀ ਲਾਣੀ।' ੬੩.

---
* ਖੰਭ


www.sikhbookclub.com

## ਲਗੀਆਂ

ਜੀ ਮੇਰੇ ਕੁਛ ਹੁੰਦਾ, ਸਹੀਓ!
ਉਡਦਾ ਹੱਥ ਨ ਆਵੇ,-
ਕੱਤਣ, ਤੁੰਮਣ, ਹੱਸਣ, ਖੇਡਣ,
ਖਾਵਣ ਮੂਲ ਨ ਭਾਵੇ:
ਨੈਣ ਭਰਨ, ਖਿਚ ਚੜ੍ਹੇ ਕਾਲਜੇ
ਬਉਰਾਨੀ ਹੋ ਜਾਵਾਂ,-
ਤਿੰਵਣ ਦੇਸ਼ ਬਿਗਾਨਾ ਦਿੱਸੇ
ਘਰ ਖਾਵਣ ਨੂੰ ਆਵੇ। ੬੪.

## ਪੱਥਰ-ਸ਼ੀਸ਼ਾ-ਹੀਰਾ

ਮੈਂ ਪੱਥਰ ਸੁਖ-ਨੀਂਦੇ ਸੁੱਤਾ
ਵਿਚ ਸੁਫ਼ਨੇ ਕੁਈ ਸੁਣਾਵੇ:
ਬਣ ਹੀਰਾ, ਕਰ ਦੂਰ ਹਨ੍ਹੇਰਾ
ਤੈਨੂੰ ਚਾਨਣ ਆ ਗਲ ਲਾਵੇ।
ਆਪ ਪੀਹ ਅੱਗ ਤਾਪ ਸਹਿ,
ਬਣ ਸ਼ੀਸ਼ਾ ਨੂਰ ਮੈਂ ਪਾਯਾ,
ਹੁਣ ਲੋਚਾਂ ਮੈਂ ਹੀਰਾ ਬਣਨਾਂ
ਜੋ ਜ਼ਰਬ ਨ ਕੋਈ ਆਵੇ। ੬੫.


www.sikhbookclub.com

ਐਤਕੀਂ

## ਗੁਲਦਾਊਦੀਆਂ ਨਹੀਂ ਆਈਆਂ ?

ਪ੍ਰਸ਼ਨ- ਛੱਤ ਬਗ਼ੀਚੇ ਏਸ ਸਾਲ ਹਨ
ਸੁੰਞਾਂ ਕਿਉਂ ਵਰਤਾਈਆਂ ?
ਗੁਲਦਾਊਦੀਆਂ ਅੱਗੇ ਵਾਂਙੂ
ਕਿਉਂ ਏਥੇ ਨਹੀਂ ਆਈਆਂ ?

ਉਤਰ- ਗੁਲਦਾਊਦੀਆਂ ਸਹੀਆਂ ਸਾਡੀਆਂ
ਅਰਸ਼ੋਂ ਸਨ ਟੁਰ ਆਈਆਂ,

ਰਸਤੇ-ਮਾਰ ਇੰਦ੍ਰ ਨੇ ਰਸਤੇ
ਸੁਹਣੀਆਂ ਰੋਕ ਰਖਾਈਆਂ।

ਬੱਦਲ ਭੇਜ ਕਟਕ ਦੇ ਉਸ ਨੇ
ਸੜਕਾਂ ਸੱਭ ਰੁਕਾਈਆਂ,

ਬਿੱਜਲੀਆਂ ਦੇ ਮਾਰ ਕੜਾਕੇ
ਸੁਹਣੀਆਂ ਸਹਿਮ ਡਰਾਈਆਂ,

ਮੁਹਲੇ ਧਾਰ ਵਰ੍ਹਾਈ ਵਰਖਾ
ਅਰਸ਼ਾਂ ਨੀਰ ਭਰਾਈਆਂ,

ਧਰਤੀ ਤੇ ਜਲ ਥਲ ਕਰ ਦਿਤੇ
ਬੂਟੀਆਂ ਮਾਰ ਸੁਕਾਈਆਂ,-

ਸੁਹਣੀਆਂ ਗੁਲਦਾਊਦੀਆਂ ਸਾਡੀਆਂ
ਇੰਦਰ ਬੰਨ੍ਹ ਬਹਾਈਆਂ,


www.sikhbookclub.com

ਸੁਰਗਪੁਰੀ ਵਿਚ ਇੰਦਰ ਭਾਵੇਂ
ਅਪਣੇ ਬਾਗ਼ ਲਗਾਈਆਂ
ਐਸ ਸਾਲ ਪਰ ਧਰਤੀ ਉਤੇ
ਸੁਹਣੀਆਂ ਹਨ ਨਹੀਂ ਆਈਆਂ;
ਸੁੰਞਾਂ ਅੱਜ ਬਗ਼ੀਚੇ ਸਾਡੇ
ਇੰਦਰ ਨੇ ਵਰਤਾਈਆਂ। ੬੬.

## ਦਰ ਢੱਠਿਆਂ ਦੀ ਕਦਰ

ਦਰ ਢੱਠਿਆਂ ਦੇ ਗੁਣਾਂ ਦੀ
ਕਦਰ ਨ ਪੈਂਦੀ ਯਾਰ!
ਗਲੇ ਪਏ ਫੁਲ-ਹਾਰ ਦੀ
ਭਾਸੇ ਨਾ ਮਹਿਕਾਰ। ੬੭.


www.sikhbookclub.com

## ਜ਼ੀਨਤ ਬੇਗਮ

ਸੁਹਣੇ ਸੁਹਣੇ ਮਹਿਲ ਅਸਾਡੇ
ਦੇਖਣ ਆਈਓ ਸਹੀਓ!
ਇਕ ਤੋਂ ਇਕ ਚੜ੍ਹੰਦੇ ਨਕਸ਼ੇ
ਦੇਖ ਦੇਖ ਰਜ ਰਹੀਓ,
ਪਰ ਇਕ ਨਕਸ਼ ਗੁਪਤ ਏਨ੍ਹਾਂ ਵਿਚ
ਹਰ ਨੁਕਤੇ ਵਿਚ ਲਿਖਿਆ,
ਪੜ੍ਹੇ ਬਾਝ ਉਸ ਨਕਸ਼ ਅਟਲਵੇਂ
ਸਹੀਓ ਨਾਂ ਮੁੜ ਜਈਓ!
ਏ ਨਕਸ਼ੇ ਨੱਕਾਸ਼ ਰੰਗੀਲਾ
ਜਦ ਸੀ ਜਾਂਦਾ ਪਾਂਦਾ,
ਨਾਲੋ ਨਾਲ ਗ਼ੈਬ ਤੋਂ ਕੋਈ
ਗੁਪਤ ਨਕਸ਼ ਇਕ ਵਾਂਹਦਾ।
ਉਹ ਸੀ ਨਕਸ਼ 'ਵਿਛੋੜਾ' ਸਹੀਓ!
ਅਸਾਂ ਨਿਖੁਟਿਆਂ ਪੜ੍ਹਿਆ,
ਕਾਸ਼! ਕਦੇ ਇਹ ਨਕਸ਼ ਮੇਰਾ ਉਹ
ਜ਼ਾਲਮ ਬੀ ਪੜ੍ਹ ਲੈਂਦਾ। ੬੮.


www.sikhbookclub.com

# ਅੰਦਰ ਦੀ ਟੇਕ

ਸਿਕ ਸਿਕ ਰੋ ਰੋ ਢੂੰਡ ਢੂੰਡ ਕੇ
ਮਜਨੂੰ ਉਮਰ ਗੁਆਈ,
ਪਰ ਪੰਘਰ ਨਾ ਖਾਧੀ ਲੇਲੀ
ਧਾ ਉਸ ਪਾਸ ਨ ਆਈ।
ਅੰਤ ਹਾਰ ਕੇ ਬਹਿ ਗਿਆ ਮਜਨੂੰ
'ਲੇਲੀ' 'ਲੇਲੀ' ਜਪਦਾ,
ਲਿਵ ਲੇਲੀ ਵਿਚ ਲਗ ਗਈ ਅੰਦਰ,
ਅੰਦਰ ਲੇਲੀ ਆਈ।
ਲੇਲੀ ਵੀ ਹੁਣ ਖਿੱਚ ਖਾਇਕੇ
ਮਜਨੂੰ ਲਭਦੀ ਆਈ,
'ਮੈਂ ਲੇਲੀ' ਲੇਲੀ ਪਈ ਕੂਕੇ
ਮਜਨੂੰ ਸਜਾਣ ਨ ਕਾਈ।
'ਮੈਂ ਲੇਲੀ' ਲੇਲੀ ਪਈ ਕੂਕੇ
ਮਜਨੂੰ ਲੇਲੀ ਹੋਯਾ,
ਆਪੇ ਪ੍ਰੀਤਮ ਬਣ ਗਿਆ ਪ੍ਰੇਮੀ,
ਟੇਕ ਜਾਂ ਅੰਦਰ ਪਾਈ। ੬੯.

 www.sikhbookclub.com

# ਵਰਜਿਤ ਵਾੜੀ

ਖਿੜੇ ਚਮਨ ਵਿਚ ਆਕੇ ਡਿੱਠਾ:
ਵੰਨੋ ਵੰਨੀ ਰੰਗ ਰੰਗਾ,
ਜੋਬਨ ਭਰੇ ਫੁੱਲ ਪਏ ਝੂਮਣ
ਡਾਲੀ ਪੱਤੇ ਰੂਪ ਲਗਾ,
ਤੱਕ ਤੱਕ ਅਖ ਮੋਹਿਤ ਹੁੰਦੀ,
ਮਨ ਪਿਆ ਪੈਂਦਾ ਲੋਭ ਲੁਭਾ,
ਜਫੀਆਂ ਪਾਂਦੀ ਪੌਣ ਪਿਆਰੀ
ਆ ਆ ਲਗਦੀ ਕਰੇ ਸੁਹਾਂ।

ਮੱਲੋ ਮੱਲੀ ਹੱਥ ਵਧੇਂਦੇ
ਕਹਿੰਦੇ: 'ਲਈਏ ਫੁੱਲ ਤੁੜਾ'।

ਪਰ ਜਦ ਹੱਥ ਫੁਲ ਨੂੰ ਲਗਦੇ
ਤੋੜਦਿਆਂ ਹੋ ਜਾਣ ਸੁਆਹ।
ਜਿਸ ਫੁਲ ਨੂੰ ਚਾ ਛੋਹੋ ਰੱਤੀ
ਛੁਹੰਦਿਆ ਸਾਰ ਜਾਇ ਭਸਮਾ।

ਫਿਰ ਦੇਖੇ ਬੂਟੇ ਫਲ ਵਾਲੇ
ਨਾਲ ਫਲਾਂ ਦੇ ਭਰੇ ਭਰਾ।


www.sikhbookclub.com

ਪਜਾਰੇ ਸੁਹਣੇ ਤੇ ਮਨ-ਮੁਹਣੇ
ਦੇਖਦਿਆਂ ਚਿਤ ਲੈਣ ਚੁਰਾ,
ਪਰ ਜਦ ਤੋੜੋ ਰਾਖ ਹੋਂਵਦੇ,
ਅਚਰਜ ਕੀ ਅਚਰਜ ਇਸ ਥਾਂ?

ਇੱਕ ਪੁਰਾਣੇ ਬੁੱਢੇ ਪਿੱਪਲ
ਹੱਸ ਕਿਹਾ: 'ਨਾ ਸੋਚ ਕਰਾ
'ਤੋੜਨ ਹੁਕਮ ਨਹੀਂ ਇਸ ਜਾਗਾ
ਦੇਖਣ ਦੀ ਹੈ ਖੁੱਲ੍ਹ ਭਰਾ!
'ਜਾਦੂਗਰ ਇਕ ਮਾਲੀ ਇਸਦਾ
ਜਾਦੂ ਦਿੱਤਾ ਬਾਗ਼ ਲਗਾ,
'ਦਿੱਸੇ, ਸੋਹੇ, ਮਨ ਨੂੰ ਮੋਹੇ,
ਦਏ ਤਰਾਵਤ ਨਾਲ ਸੁਹਾਂ,
'ਪਰ ਅੱਖਾਂ ਦਾ ਭੋਗ ਬਾਗ਼ ਏ
ਭੋਗਣ ਦੀ ਏ ਨਾਹੀਂ ਥਾਂ,
'ਦੇਖੀਂ ਤੇ ਖੁਸ਼ ਹੋਵੀਂ ਵੀਰਾ!
ਖਿੜੀਂ, ਟਿਕੀਂ, ਰੰਗ ਲਈਂ ਜਮਾ,
'ਪਰ ਜੇ ਹੱਥ ਲੈਣ ਨੂੰ ਪਸਰੇਂ
ਸੁੰਦਰਤਾ ਜਾਸੀ ਬਿਲਮਾ
'ਰਾਖ ਰਹੇਗੀ ਮੁੱਠ ਅੰਦਰੇ
ਦਿਲ ਅਰਮਾਣ ਭਰੇ ਭਰ ਆ।
'ਹਾਂਢ ਹਾਂਢ, ਹਥ ਝਾੜ ਤੁਰੇਂਗਾ,
ਹਰੇ ਜੁਾਰੀਏ ਵਾਂਗ ਭਰਾ!


www.sikhbookclub.com

'ਅੱਖੀਂ ਨਾਲ ਪਿਆ ਰਸ ਪੀਵੀਂ
ਤ੍ਰਿਸ਼ਨਾ ਹੋਰ ਵਿਸਾਰੀਂ ਚਾ,
'ਤਦ ਸਾਬਤ ਲਾਹੇ ਵਿਚ ਜਾਸੇਂ
ਨਹੀਂ ਤਾਂ ਜਾਸੇਂ ਆਪ ਖੁੰਝਾ।' ੭੦

## ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ

**-ਇਕ 'ਨੈਣ-ਪਿੰਜਰੇ ਫਸੇ ਸਾਧੂ ਦੀ ਅਰਜ਼ੋਈ-**

ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ,
ਟੁਰੇ ਜਾਂਦੇ ਨੂੰ ਬੰਨ੍ਹ ਬਹਾ ਲਿਆ,
ਬਿਨਾਂ ਸੰਗਲਾਂ ਕੱਸ ਕਸਾ ਲਿਆ,
ਬਿਨਾਂ ਦੰਮਾਂ ਦੇ ਬਰਦਾ ਬਨਾ ਲਿਆ।

ਕਿੱਥੇ ਅਰਸ਼ਾਂ ਦਾ ਗਿਆ ਤਕਾਵਣਾ ਓ,
ਕਿਥੇ ਸਾਈਂ ਦਰ ਨਜ਼ਰ ਜਮਾਵਣਾ ਓ,-
ਨਜ਼ਰ ਮੇਲਣੀ ਨਾਂ ਨਾਲ ਖ਼ਾਕੀਆਂ ਦੇ
ਟਕ ਬੰਨ੍ਹਣੀਂ ਨੂਰੀਆਂ ਝਾਕੀਆਂ ਤੇ।
ਹਾਏ ਭੁੱਲ ਏ ਨੈਣ ਤਕਾ ਬੈਠੇ,
ਝਾਕੇ ਪਹਿਲੜੇ ਖੰਭ ਖੁਹਾ ਬੈਠੇ!


www.sikhbookclub.com

**ਜਾਦੂਗਰੀ ਕੀਤੀ ਏਨ੍ਹਾਂ ਅੱਖੀਆਂ ਨੇ,**
**ਮਾਰ ਘੱਤਿਆ ਸਾਂਭਕੇ ਰੱਖੀਆਂ ਨੇ!**

ਇਨ੍ਹਾਂ ਨੈਣਾਂ ਨੇ ਪੂਰਾਂ ਦੇ ਪੂਰ ਲਾਹੇ,
ਜੋਧੇ ਬਲੀ ਵਰਿਆਮ ਤੇ ਸੂਰ ਫਾਹੇ,
ਖੰਭ ਸੜੇ ਪਤੰਗਿਆਂ ਵਾਂਗ ਬਿਸਮਿਲ
ਪਏ ਖਿੱਚ ਖਾਵਣ, ਤੜਫਣ ਹੋਣ ਤਿਲਮਿਲ।

ਮੈਂ ਬੀ ਮਾਰਿਆ ਇਕ ਮਟੱਕੜੇ ਨੇ
ਕਰ ਕੈਦ ਲੀਤਾ ਜੱਫੇ ਤੱਕੜੇ ਨੇ।
ਕੋਈ ਕਰੋ ਕਾਰੀ ਸਾਡੀ ਆਣ ਲੋਕੋ!
ਕੋਈ ਰਬ ਪਜਾਰੇ ਆ ਬਚਾਣ ਲੋਕੋ!
ਤਾਣ ਅਸਾਂ ਵਿਚ ਰਹੀ ਨ ਸ਼ਾਨ ਲੋਕੋ!
ਫਾਥੇ ਪਿੰਜਰੇ ਆਣ ਛੁਡਾਣ ਲੋਕੋ!
ਕਰੇ ਬਾਹੁੜੀ ਰਬ ਜੇ ਆਪ ਲੋਕੋ!
ਵਿਸ-ਚੜ੍ਹੀ ਦਾ ਝੜੇ ਏ ਤਾਪ, ਲੋਕੋ!

ਜੇ ਮੈਂ ਆਪਣੇ ਆਪ ਤੇ ਆਸ ਕੀਤੀ,
ਅਪਣੇ ਬਚਣ ਦੀ ਆਸ ਫਿਰ ਨਾਸ ਕੀਤੀ।

**ਜਾਦੂਗਰੀ ਨੇ ਜਿਨ੍ਹਾਂ ਨੂੰ ਮਾਰਿਆ ਹੈ,**
**ਧੁਰੋਂ ਕ੍ਰਾਮਤ ਨੇ ਉਨ੍ਹਾਂ ਨੂੰ ਤਾਰਿਆ ਹੈ।**

ਤੂੰ ਸੱਤਾਰ ਗ਼ੁਫ਼ਾਰ ਹੇ ਰਬ ਸਾਈਂ!
'ਸਾਂ ਤੇ ਕਰਮ ਕਰੀਓ ਮਿਹਰ ਨਜ਼ਰ ਪਾਈਂ,-
ਰੱਖ ਲਓ ਸਾਨੂੰ ਏਨ੍ਹਾਂ ਅੱਖੀਆਂ ਤੋਂ,
ਮਾਰਨ ਵਾਸਤੇ ਸਾਧਾਂ ਨੂੰ ਰੱਖੀਆਂ ਜੋ;
ਬੇੜਾ ਕਰੋ ਸਾਡਾ ਆਪ ਪਾਰ ਸਾਈਂ!
ਰੂਪ, ਰੰਗ, ਮਟੱਕਿਓਂ ਤਾਰ ਸਾਈਂ! ੭੧.

## ਗੁਲਦਾਊਦੀਆਂ ਆਈਆਂ

ਗੁਲਦਾਊਦੀਆਂ ਆਈਆਂ ਸਾਡੀਆਂ
ਗੁਲਦਾਊਦੀਆਂ ਆਈਆਂ
ਰਲ ਮਿਲ ਦਿਓ ਵਧਾਈਆਂ ਸਹੀਓ!
ਰਲ ਮਿਲ ਦਿਓ ਵਧਾਈਆਂ!

ਵਰ੍ਹਾ-ਵਿਛੁੰਨੀਆਂ ਸਹੀਆਂ ਸਾਡੀਆਂ
ਝੂਮ ਝੁਮੰਦੀਆਂ ਆਈਆਂ,
ਲੰਮੀਆਂ ਲੰਮੀਆਂ, ਸਾਵੀਆਂ ਸਾਵੀਆਂ
ਰੀਦਲ ਕ੍ਵਾਰੀ ਜਿਹੀਆਂ।


www.sikhbookclub.com

ਹਸੂੰ ਹਸੂੰ ਓ ਕਰਦੀਆਂ ਆਈਆਂ
ਆਪ ਹਸਾਂਦੀਆਂ ਆਈਆਂ;
ਖਿੜੇ ਖਿੜੰਦੇ ਮੱਥੇ ਆਈਆਂ
ਖੇੜਾ ਨਾਲ ਲਿਆਈਆਂ।

ਮੁਖੜਾ ਮੁਖੜਾ ਚੰਦ ਚੰਦ ਹੈ
ਚੰਦ ਮੁਖ ਹੋਕੇ ਆਈਆਂ;
ਖਾਣ ਚੰਦਾਂ ਵਿਚੋਂ ਚੰਦ ਲਭਾਕੇ
ਚਿਹਰੇ ਚਾੜ੍ਹ ਲਿਆਈਆਂ;

ਗਗਨ ਮੰਡਲ ਇਕ ਚੰਦ ਕਾਰਨੇ
ਕੇਡਾ ਗਰਬ ਕਰੇਂਦਾ,
ਏਥੇ ਵੇਖੋ ਡਾਲ ਡਾਲ ਹੈ
ਚੰਦ ਚੰਦ ਛਬਿ ਦੇਂਦਾ!
ਇਕ ਰੰਗਾ ਉਹ ਚੰਦ ਅਸਮਾਨੀ-
ਨਾਲ ਦਾਗ਼ ਦੇ ਭਰਿਆ,
ਹਰ-ਰੰਗਾ ਹਰ ਰੌਣਕ ਏਥੇ
ਸੈ ਲਖ ਚੰਦਾ ਚੜਿਆ।

ਗੁਲਦਾਊਦੀਆਂ ਸਾਡੀਆਂ ਸਹੀਓ!
ਚੰਦ੍-ਮੁਖੋਂ ਬੜ੍ਹ ਚੜ੍ਹੀਆਂ,
ਦਰਸ਼ਨ ਕਾਰਨ ਚੰਦ ਅਕਾਸ਼ੀਂ
ਚੜ੍ਹ ਦੇਖੇ ਚੰਦ ਲੜੀਆਂ।

ਮਾਲੀ ਆਖੇ : 'ਗਮਲੇ ਵਿਚੋਂ
ਉੱਗ ਉਤਾਹਾਂ ਆਈਆਂ'
ਪਰ ਜੇ ਹੇਠੋਂ ਉੱਤੇ ਆਈਆਂ
ਚੰਦ-ਮੁਖ ਕਿਥੋਂ ਲਜਾਈਆਂ?

ਚੰਦ ਵਸੇ ਅਸਮਾਨੀਂ ਲੋਕੋ!
ਅੰਬਰ ਦੌਰ ਲਗਾਵੇ,
ਮਿੱਟੀ ਗਮਲਜਾਂ ਅੰਦਰ ਨਾਹੀਂ
ਚੰਦ ਕਦੇ ਲੁਕ ਆਵੇ

'ਸੀਤੋ ਸੀਤਾ ਮਹਿਮਾ ਮਾਹਿ' ਹੈ
ਅਰਸ਼ੀ ਰੂਪ ਵਸੇਂਦਾ,
ਸੁਹਜ ਸੁੰਦਰਤਾ ਵਸੇ ਓਸ ਥਾਂ
ਘਾੜਤ ਰੂਪ ਘੜੇਂਦਾ,

ਸੁਹਣੀਆਂ ਸਾਡੀਆਂ ਗੁਲਦਾਊਦੀਆਂ
ਓਥੋਂ ਹੋਕੇ ਆਈਆਂ,
ਰੂਪ ਰੰਗ ਇਹ ਫਬਨ ਅਜੈਬੀ
ਰੂਪ-ਦੇਸ਼ ਤੋਂ ਲਜਾਈਆਂ।

ਭੋਲੇ ਮਾਲੀ! ਗਮਲਜਾਂ ਵਿਚੋਂ
ਹੂਰਾਂ ਏ ਨਹੀਂ ਆਈਆਂ,
ਏ ਅਪੱਛਰਾਂ ਅਰਸ਼ ਤੋਂ ਸਜਣਾਂ!
ਸਾਡੇ ਘਰ ਉਤਰਾਈਆਂ।


www.sikhbookclub.com

ਚਿਹਰੇ ਦੇਖ ਇਨ੍ਹਾਂ ਦੇ ਸਜਨਾਂ!
ਨੀਝ ਰੰਗ ਤੇ ਲਾਵੀਂ,
ਹਰ ਜੌਹਰ ਹਰ ਰੰਗੇ ਦੇਖੀਂ
ਗਹੁ ਕਰ ਸਮਝ ਕਰਾਵੀਂ।

ਅਖੀਂ ਭਰੇ ਅਨੰਦ ਦਰਸ਼ਨੋਂ
ਸਿਰ ਸਰੂਰ ਜੋ ਧਾਵੇ,
ਸ੍ਵਾਦ ਰਮੇ ਜੋ ਰੋਮ ਰੋਮ ਵਿਚ
ਮਨ ਨੂੰ ਮਨੋਂ ਭੁਲਾਵੇ,-

ਇਹ ਰਸ ਮਿੱਟੀ ਵਿਚ ਨ ਵਸਦਾ
ਪੱਤਰ ਬੂਟੇ ਨਾਹੀਂ,
ਇਹ ਰਸ ਸਾਡੀ ਮਿਹਨਤ ਨਾਹੀਂ,
ਧਰਤੀ ਇਹ ਰਸ ਨਾਹੀਂ।

ਇਹ ਰਸ ਗ਼ੈਬ ਖ਼ਜ਼ਾਨਾ, ਮਾਲੀ!
ਇਹ ਰਸ ਅਰਸ਼ੀ ਭਾਈ!
ਇਹ ਰਸ ਰੂਪ ਦੇਸ਼ ਦੀ ਆਭਾ,
ਇਹ ਰਸ ਧੁਰ ਤੋਂ ਆਈ।

 www.sikhbookclub.com

ਇਹ ਰਸ ਦੇਵਣਹਾਰੀਆਂ ਸਹੀਆਂ
ਅਰਸ਼ੋਂ ਰੰਗ ਲਿਆਈਆਂ।
ਅਰਸ਼ੀ ਸੁਹਣਿਆਂ ਨੇ ਆ ਏਥੇ
ਲੁਕ ਲੁਕ ਰਸੀਂ ਭਿਨਾਈਆਂ

**ਚਾਨਣ ਜਿਵੇਂ ਅਕਾਸ਼ੋਂ ਆਵੇ**
**ਸ਼ੀਸ਼ਿਆਂ ਤੇ ਪੈ ਦਮਕੇ,**
**ਤਿਵੇਂ ਸੁੰਦਰਤਾ ਅਰਸ਼ੋਂ ਆਵੇ**
**ਸੁਹਣਿਆਂ ਤੇ ਪੈ ਚਮਕੇ।** ੭੨.

## ਤਿਆਰੀਆਂ

ਰਾਂਝਾ ਬੈਠਾ ਤਖ਼ਤ ਹਜ਼ਾਰੇ
ਨਾਲ ਭਾਬੀਆਂ ਅੜਦਾ,-
ਕਾਸਾ ਅਜੇ ਚੱਕ ਹੈ ਚੜਿਆ
ਹਥ ਘੁਮਜਾਰ ਉਸ ਘੜਦਾ,-
ਹੀਰ ਸੁਰਾਹੀ ਧੌਣ ਨਿਵਾਈ
ਖੜੀ ਝਨਾਂ ਦੀ ਕੰਧੀ;
ਸ਼ਹੁ ਦਰਿਯਾਉ ਵਗੇ ਨਹੀਂ ਅਟਕੇ
ਤੁਪਕਾ ਤੁਪਕਾ ਖੜਦਾ। ੭੩.


www.sikhbookclub.com

# ਅਟਕ

- ਅਟਕ ਦਰਿਆ ਉਤੇ ਪ੍ਰਸ਼ਨ ਤੇ ਅਗੋਂ ਉਸਦਾ ਉੱਤਰ-

ਪ੍ਰਸ਼ਨ-

ਜੁਗਾਂ ਤੋਂ ਤੂੰ ਆਵੇਂ ਜਾਵੇਂ
ਤਿੱਖਾ ਤਿੱਖਾ ਟੁਰਿਆ ਜਾਵੇਂ
ਪਲ ਛਿਨ ਠਹਿਰੇਂ ਨਾਹੀਂ
ਲਗਾਤਾਰ ਚਾਲ ਪਈ।

ਅਟਕ ਹੈ ਨਾਮ ਤੇਰਾ,
ਅਟਕਜਾ ਕਦੇ ਡਿਠਾ ਨਾ,
ਅਟਕਾਯਾ ਕਿਸੇ ਕੋਲੋਂ ਤੂੰ
ਅਟਕਜਾ ਕਦੇ ਹੈ ਨਹੀਂ।

ਪੱਛੋ ਵੱਲੋਂ ਤੁਰੇ ਆਏ
ਜੁਵਾਨਿਆਂ ਦੇ ਦਲੋ ਦਲ
ਮੂੰਹ ਚੱਕ ਪਾਰ ਆਏ
ਪੇਸ਼ ਤੇਰੀ ਨਹੀਂ ਗਈ।

ਅਟਕ ਕੋਈ ਪਾਈ ਨਾਂ
ਜ਼ਾਲਮ ਅਟਕਾਏ ਨਾਂ
ਫੇਰ ਅਟਕ ਨਾਉਂ ਤੇਰਾ
ਗੱਲ ਦੱਸ ਕੀਹ ਹਈ?॥੧॥


www.sikhbookclub.com

ਉੱਤਰ-(ਅਟਕ ਵੱਲੋਂ)-

ਅਟਕਣਾ ਨ ਕੰਮ ਮੇਰਾ
ਅਟਕਿਆ ਸੋ ਮਾਰਿਆ ਹੈ,
ਅਟਕ ਨਾਮ ਮੌਤ ਦਾ ਹੈ,
ਕੋਈ ਅਟਕਦਾ ਨਹੀਂ।

ਤੋਰੇ ਵਿਚ ਤੁਰਜਾ ਜਾਵੇ
ਸਾਰਾ ਜੱਗ ਦਿੱਸਦਾ ਜੋ
ਤੁਰੇ ਰਹਿਣਾ, ਤੁਰੇ ਰਹਿਣਾ,-
ਕਾਰ ਧੁਰੋਂ ਏ ਪਈ।

ਰੂਪ ਏਸ ਦਿੱਸਦੇ ਦਾ,
ਚੇਸ਼ਟਾ ਤੇ ਬਦਲਨਾ ਹੈ,
ਜਾਰੀ ਰਹਿਣਾ ਚੇਸ਼ਟਾ ਦਾ
ਜਿੰਦ ਇਹਦੀ ਹੈ ਸਹੀ।

ਅਟਕ ਇਹ ਜਦੋਂ ਜਾਸੀ
ਰੂਪ ਨਾਮ ਬਿਨਸ ਜਾਸੀ
ਦ੍ਰਿਸ਼ਟਮਾਨ ਰਹੇ ਨਾਹੀਂ-
ਕਲਾ ਇਹਦੀ ਹੈ ਇਹੀ॥੨॥

ਦੇਖ ਖਾਂ ਤੂੰ ਅਖ ਉਘਾੜ
ਸੂਰਜ, ਚੰਦ, ਤਾਰੇ, ਗ੍ਰਿਹ
ਲਗਾਤਾਰ ਤੁਰੇ ਜਾਣ-
ਕਦੇ ਕੋਈ ਅਟਕਿਆ ਹੈ?

ਧਰਤੀ ਨਖੱਤ੍ਰ ਚਲੇ
ਰੈਣ ਦਿਨ ਬਨਸਪਤੀ
ਜੀਵ, ਜੰਤੂ ਸਭ ਟੁਰੇ,-
ਅਟਕਿਆ ਸੋ ਫਟਕਿਆ ਹੈ।

ਉਮਰਾ ਹੈ ਤਾਂ ਤੁਰੀ ਜਾਏ,
ਕਾਲ ਹੈ ਤਾਂ ਲਗਾ ਜਾਏ,
ਜਿੰਦ ਹੈ ਤਾਂ ਚਲੀ ਚਲੇ,
ਕਦੇ ਕੌਣ ਹਟਕਿਆ ਹੈ?

ਦਿੱਸਦਾ ਸੰਸਾਰ ਸਾਰਾ
ਸਦਾ ਸਦਾ ਟੁਰਨਹਾਰਾ,
ਅਟਕੇ ਜੇ ਇਹ ਨਜ਼ਾਰਾ,-
ਤਦੋਂ ਜਾਣ ਪਟਕਿਆ ਹੈ॥੩॥

ਨਾਮ ਹੈ 'ਅਟਿਕ' ਮੇਰਾ,
'ਅਟਕ' ਹੈ ਭੁੱਲ ਤੁਹਾਡੀ,
ਅਟਕੇ ਬਿਨ ਟੁਰੀ ਜਾਣਾ,-
ਵਹਿਣ ਦਾ ਹੈ ਕੰਮ ਇਹੀ।

ਅਕਲਹੀਨ ਕਿਵੇਂ ਸੱਕੇ
ਅਕਲ ਵਾਲੇ ਅਟਕ ਪਾ,
ਅਟਕ ਪੌਣੀ ਆਦਮੀ ਨੂੰ
ਸਾਡੀ ਸਮਰਥ ਨਹੀਂ।

ਤੁਹਾਡੇ ਵਿਚ ਅਕਲ ਵਸੇ
ਅਟਕ ਪਾਣੀ ਕੰਮ ਤੁਹਾਡਾ
'ਮੇਲ, ਬਲ, ਸਾਹਸ, ਦਾ
ਅਟਕ ਪਾਣਾ ਫਲ ਹਈ।

ਅਟਕ ਵਧਾਵਣੇ ਤੋਂ
ਤੁਸੀਂ ਸਾਰੇ ਅਟਕ ਖਲੇ
ਅਟਕਿਆ ਸੁ ਹਟਜਾ ਪਿੱਛੇ
ਤਾਣ ਨਿੱਘਰਦੀ ਗਈ॥੪॥

ਅੱਗੇ ਨੂੰ ਜੋ ਤੁਰੇ ਨਾਹੀਂ
ਪਿੱਛੇ ਉਸ ਤੋਰ ਪੈਣੀ,
ਅਟਕ ਕਿਸੇ ਥਾਵੇਂ ਨਹੀਂ
ਤੇ ਅਟਕ 'ਟਿਕਾ' ਨਹੀਂ।

ਅਟਕਣ ਨੂੰ ਅਰਾਮ ਜਾਣੇ
ਮਾਰਿਆ ਸੋ ਜਾਣ ਲੈਣਾ,
ਅਗੇ ਅਗੇ ਟੁਰਜਾ ਜਾਵੇ,
ਮਾਲੀ ਉਸ ਮਾਰ ਲਈ।

ਵਧਦੇ ਜੇ ਤੁਸੀਂ ਜਾਂਦੇ,
ਵਿਦਜਾ ਬਲ ਜ਼ੋਰ ਪਾਂਦੇ
ਕਟਕਾਂ ਦੇ ਕਟਕ ਆਂਦੇ,
ਅਟਕ ਖਾ ਜਾਂਦੇ ਸਹੀ।


www.sikhbookclub.com

ਅਟਕੇ ਜਦ ਤੁਸੀਂ ਪਜਾਰੇ!
ਅਟਕਾਂ ਫੇਰ ਪਾਂਦਾ ਕੌਣ?
ਜਿੰਦਹੀਨ ਨਦੀਆਂ ਪਾਸੋਂ
ਅਟਕੇ ਕਟਕ ਹਨ ਨਹੀਂ॥੫॥

ਹੋ ਬੇਖਟਕ ਸੌਂਦੇ ਨਾ
ਅਟਕ ਨਾ ਅਰਾਮ ਲੈਂਦੇ
ਲਟਕ ਐਸ਼ ਲਾਂਦੇ ਨਾ,
ਅਟਕ ਕੌਣ ਤੋੜਦਾ?

ਕਟਕਾਂ ਦੇ ਕਟਕ ਆਂਦੇ,
ਤੁਸੀਂ ਉਠ ਅਟਕ ਪਾਂਦੇ,
ਇਕ ਮੁੱਠ ਹਟਕ ਪਾਂਦੇ,
ਮੈਂ ਭੀ ਕੁਝ ਹੋੜਦਾ;

ਲਟਕਾਂ ਨੇਹੁੰ ਤੁਸੀਂ ਲਾਏ,
ਪਟਕ ਵੈਰੀ ਟੁਰੇ ਆਏ,
ਗਾਹਣ ਮੇਰੇ ਵਿਚ ਪਾਏ,
ਵਾਹ ਲਗੀ ਮੈਂ ਬੋੜਦਾ।

ਰੋੜ੍ਹੇ ਨੀਂ ਮੈਂ ਪੂਰਾਂ ਪੂਰ,
ਡੋਬੇ ਕੀਤੇ ਕਈ ਚੂਰ,
ਅਗੋਂ ਭੰਨਦੇ ਤੁਸੀਂ ਮੂੰਹ,
ਵੈਰੀ ਮੂੰਹ ਚਾ ਮੋੜਦਾ॥੬॥


www.sikhbookclub.com

ਦੋਸ਼ ਸਾਰਾ ਤੁਸਾਂ ਦਾ ਹੈ
ਅਟਕ ਜੋ ਗਏ ਸਾਜੇ,
'ਅਟਕ' ਨਾਮ ਤੁਹਾਡਾ ਹੈ,
ਅਟਕ ਮੇਰਾ ਨਾਮ ਨਾਂ।

ਅੱਗੇ ਜਿਹੜਾ ਵਧਦਾ ਨਾ
ਜਾਣੋਂ ਪਿਛੇ ਮੁੜ ਰਿਹਾ ਹੈ
ਬੇੜੀ ਅਪਣੀ ਬੋੜਦਾ, ਤੇ
ਰੋੜ੍ਹਦਾ ਹੈ ਨਾਮਣਾ।

ਸਦਾ ਸਦਾ ਵਧੀ ਜਾਏ,
ਕਿਤੇ ਨਾ ਅਟਕ ਪਾਏ
ਤੁਰੀ ਜਾਏ, ਵਧੀ ਜਾਏ,
ਉਸਦੀ ਪੁੱਜੇ ਕਾਮਨਾ।

ਲਗਾਤਾਰ, ਸਹਿਜ ਸਹਿਜ,
ਹੋਸ਼, ਬੁਧਿ, ਧਰਮ ਨਾਲ,
ਮੇਲ, ਵਿਉਂਤ, ਜੁਗਤਿ ਚਲੇ-
ਕੌਣ ਕਰੇ ਸੁ ਸਾਮਨਾ?॥੭॥੭੪॥


www.sikhbookclub.com

## ਫੁੱਲ

ਕੱਲ ਡਿੱਠਾ ਮੈਂ ਫੁੱਲ ਬਿਨਫ਼ਸ਼ਾ
ਉਸ ਲੜ ਹਕੀਮ ਦਾ ਫੜਿਆ;

ਆਖੇ: 'ਸਾਨੂੰ ਦੇਸ਼ ਹੁਸਨ ਤੋਂ
ਦਸ, ਕਿਉਂ ਤੂੰ ਨਿਤ ਫੜ ਖੜਿਆ?

ਭੇਵੇਂ, ਮਲੇਂ, ਬਨਾਵੇਂ ਕਾੜ੍ਹੇ
ਸਭ ਮਾਰ ਸੁੰਦਰਤਾ ਸੁੱਟੇਂ!

'ਹੁਸਨਾਂ ਦੇ ਸੁਲਤਾਨ ਸ਼ਾਹ ਤੋਂ
ਉਇ, ਕਿਉਂ ਤੂੰ ਕਦੇ ਨ ਡਰਿਆ?' ੭੫.

 www.sikhbookclub.com

# ਲਲੀ

ਕਸ਼ਮੀਰਨ ਇਕ ਲਲੀ ਆਖਦੇ
ਸਾਈਂ-ਇਸ਼ਕ ਪੁਰੋਤੀ,
ਹੋ ਬਉਰੀ ਨੰਗੀ ਪਈ ਫਿਰਦੀ
ਅੰਦਰੋਂ ਬਾਹਰੋਂ ਧੋਤੀ।

ਚਾਣਚੱਕ ਕਪੜੇ ਪਈ ਮੰਗੇ
ਆਪਾ ਪਈ ਲੁਕਾਵੇ,
ਕਿਸੇ ਪੁੱਛਿਆ: 'ਅਜ ਕੀ ਹੋਇਆ?'
ਲਲੀ ਨ ਹੋਂਠ ਖੁਲ੍ਹਾਵੇ।

'ਹੂੰ' ਕਰਕੇ ਉਠ ਗਈ ਸੁਹਾਵੀ
ਮਿੱਠੀ ਤਿਊੜੀ ਪਾਈ,
'ਹੁਸਨ-ਅਹਿਸਾਸ' ਜਾਗਿਆਂ* ਵਾਲੀ
ਰਮਜ਼ ਕਿਸੇ ਨਾ ਪਾਈ।

ਨਗਨ ਸੁੰਦਰਤਾ ਨਜਾਣੀ ਨਜਾਣੀ
ਪਰਦਾ ਲੋੜ ਨ ਰਖਦੀ,
ਸੁੰਦਰਤਾ ਮੁਟਿਆਰ ਜਦੋਂ ਹੋ
ਰੰਗ ਰੂਪ ਚੜ ਭਖਦੀ

---

* ਜੋ ਅੰਦਰਲੇ ਆਪੇ ਦੀ ਸੁੰਦਰਤਾ ਦੇ ਅਨੁਭਵੀ ਹੋ ਜਾਣ।


www.sikhbookclub.com

'ਹੁਸਨ-ਅਹਿਸਾਸ*' ਜਦੋਂ 'ਆਪੇ' ਦਾ
ਮਦ ਭਰ ਆਪੇ ਤਕਦੀ,
ਆਪੇ ਤੇ ਆਸ਼ਿਕ ਹੋ ਆਪੇ
'ਮਦ' ਆਪੇ ਦਾ ਛਕਦੀ,-

ਤਦੋਂ ਡਰੇ ਮਤ ਨਜ਼ਰ ਕਿਸੇ ਦੀ
ਪੈਕੇ ਮੈਲ ਲਗਾਵੇ,
ਨਜ਼ਰ ਦੂਸਰੀ ਤੋਂ ਸ਼ਰਮਾਵੇ
'ਆਪਾ' ਪਈ ਲੁਕਾਵੇ। ੭੬.

---

* ਸੁੰਦਰਤਾ ਦੀ ਪ੍ਰਤੀਤੀ।

 www.sikhbookclub.com

# ਬੇਲਾ ਭੁਆਨੀ*

ਅਹੁ ਕੀ ਲਾਲ ਰੌਸ਼ਨੀ ਆਈ
ਪੀਲੀ ਹੈ ਹੁਣ ਹੋਈ,
ਰੰਗ ਮੋਤੀਏ ਦੇ ਵਿਚ ਪਲਟੀ
ਸ਼ਕਲ ਧਾਰ, ਹਸ ਰੋਈ।

ਕੋਮਲ ਦੇਹ, ਰੰਗ ਹੈ ਸੁੰਦਰ
ਧਰਮ ਲਿਸ਼ਕ ਹੈ ਮਾਰੇ,
ਮੱਥੇ ਤੇਜ ਭਗਤਿ ਦਾ ਲਿਸ਼ਕੇ
ਨੈਣ ਪ੍ਰੇਮ ਦੇ ਤਾਰੇ।

ਆ ਕਹਿੰਦੀ:- 'ਕਿਉਂ ਸੋਚਾਂ ਸੋਚੋ?
ਏ ਮੇਰਾ ਹੈ ਲਾਠਾ;
'ਇਸ ਉਤੋਂ ਦਰਸ਼ਨ ਸਾਂ ਕਰਦੀ।
ਜਮਨਾਂ ਦੇਂਦੀ ਠਾਠਾਂ।

'ਪ੍ਰਿਥੀਰਾਜ ਦੀ ਬੇਟੀ ਮੈਂ ਹਾਂ
ਨਾਂ ਹੈ 'ਬੇਲਾ ਭੁਆਨੀ',
'ਜਮਨਾਂ ਰੋਜ਼ ਨ੍ਹਾਣ ਸਾਂ ਜਾਂਦੀ
ਫਿਰ ਆ ਚੜ੍ਹੀ ਜੁਆਨੀ।

---

* ਇਕ ਮਕਬਰੇ ਦੇ ਕਈ ਪੁਸ਼ਤਾਂ ਤੋਂ ਚਲੇ ਆ ਰਹੇ ਅਮੀਨ ਨੇ 'ਕੁਤਬ ਦੀ ਲਾਠ' ਦੀ ਅਸਲੀਅਤ ਏਹੋ ਦੱਸੀ ਸੀ, ਜੋ ਕਹਿੰਦਾ ਸੀ ਕਿ ਸਾਡੇ ਖਾਨਦਾਨ ਵਿਚ ਇਹ ਕਥਾ ਸੀਨੇ ਬਸੀਨੇ ਚਲੀ ਆਈ ਹੈ।


www.sikhbookclub.com

'ਵਜਾਹ ਕੀਤਾ, ਝਟ ਪਤੀ ਮਰੇ
ਮੁੜ ਰਹਿ ਗਈ ਪਿਤਾ ਦੁਆਰੇ,
'ਇਸ ਮੰਦਰ ਵਿਸ਼ਨੂੰ ਦੇ ਤਦ ਤੋਂ
ਭਾਰੇ ਚਾ ਲਏ ਸਾਰੇ।

'ਏਥੇ ਰਹਿਕੇ ਭਗਤਿ ਕਮਾਣੀ
ਸੇਵ ਵਿਸ਼ਣੂ ਦੀ ਕਰਨੀ,
'ਰਹਿਣਾ ਟੁੱਟ ਜਗਤ ਤੋਂ ਵਖਰੇ
'ਹਰਿ ਹਰਿ' ਹਰੀ ਸਿਮਰਨੀ।

'ਜਮਨਾਂ ਜਾਣੋ ਤੇ ਨਿਤ ਨ੍ਹਾਣੋਂ
ਬਾਪੂ ਵਰਜ ਰਹਾਵੇ;
'ਮੈਂ ਆਖਾਂ ਮੈਂ ਨੇਮ ਨ ਰਹਿਸੀ,
ਬਾਪੂ ਆਖ ਸੁਣਾਵੇ:-

'-ਏਥੇ ਹੀ 'ਵਸ਼ਨੂ ਪਦ'* ਟਿੱਲੇ
ਇਸ ਮੰਦਰ ਦੇ ਅੰਦਰ
'-ਜਮਨਾਂ ਦਾ ਜਲ ਰੋਜ਼ ਪਹੁੰਚਸੀ
ਨ੍ਹਾਵੋ ਬੈਠੇ ਅੰਦਰ-।

* ਉਸ ਢੱਠੇ ਪਏ ਮੰਦਰ ਦਾ ਨਾਮ, ਜੋ ਇਕ ਟਿੱਬੀ ਦੇ ਉਤੇ ਹੈ, ਜਿਥੇ ਕੁਤਬ ਦੀ ਲਾਠ ਹੈ।


www.sikhbookclub.com

'ਮੈਂ ਕਹਿਆ: 'ਪਰ ਜਮਨਾ ਦਰਸ਼ਨ
ਕਿਵੇਂ ਪਿਤਾ ਜੀ ਹੋਵੇ?
'ਦਰਸ਼ਨ ਬਾਝੋਂ ਮਨ ਨਹੀਂ ਤ੍ਰਿਪਤੇ
ਨੇਮ ਨੇਮਤਾ ਖੋਵੇ।

'ਪਿਤਾ ਤਦੋਂ ਇਹ ਲਾਠ ਬਣਾਈ
ਉੱਚੀ ਬਹੁਤ ਕਰਾਈ।
'ਜੋ ਮੰਦਰ ਦੇ ਅੰਦਰ ਰਹਿੰਦਯਾਂ
ਮੈਂ ਦਰਸ਼ਨ ਨਿਤ ਪਾਈਂ।

''ਬੇਲ-ਭੁਆਨੀ' ਲਾਠ ਏਸ ਦਾ
ਨਾਮ ਤਦੋਂ ਸੀ ਭਾਈ!
''ਲਾਠ ਪਿਥੌਰਾ' ਫਿਰ ਲੋਕਾਂ ਨੇ
ਇਸਦੀ ਅੱਲ ਪਕਾਈ।

'ਪਿਤਾ ਮਰੇ ਜਦ ਜੰਗ ਵਿਚਾਲੇ
ਘਰ ਦੀ ਜੋ ਸੀ ਨਾਰੀ
'ਹਰ ਇਕ ਅਗ ਚੜ੍ਹੀ, ਸੜ ਮੋਈ,
ਫੜੇ ਨ ਆਕੇ ਖ੍ਵਾਰੀ।

'ਇਸ ਮੰਦਰ ਤੇ ਕੁਤਬ ਦੀਨ ਨੇ
ਕਬਜ਼ਾ ਆਕੇ ਕੀਤਾ;
'ਸੋਨਾ, ਚਾਂਦੀ, ਹੀਰਾ, ਮੋਤੀ
ਸਭ ਸੰਮ੍ਹਾਲ ਉਸ ਲੀਤਾ।


www.sikhbookclub.com

'ਚੱਕ ਮੂਰਤਾਂ ਸੱਟ ਦਿਤੀਆਂ
ਕੰਧਾਂ ਦੀਆਂ ਤੁੜਵਾਈਆਂ,
'ਮਸਜਿਦ ਰਚੇ ਮੰਦਰੇ ਥਾਵੇਂ
ਬਿਧੀਆਂ ਏਹੁ ਬਨਾਈਆਂ,

'ਏਸ ਲਾਠ ਤੇ ਚੜ੍ਹੇ ਪਥੇਰੇ
ਅਰਬੀ ਲੇਖ ਉਕਰਾਏ,
'ਇਸ ਜੇਹੇ ਤਿੰਨ ਹੋਰ, ਸੋਚਦਾ
ਲਾਠੇ ਵਡੇ ਬਣਾਏ।

'ਮਹਿਰਾਬਾਂ ਕੰਧਾਂ ਬਨਵਾਈਆਂ
ਸਨ ਉਸਰਾਈਆਂ ਲਾਈਆਂ
'ਖੂੰਡੀ ਖੇਡ ਰਹੇ ਨੂੰ ਸਾਈਂ
ਮੌਤਾਂ ਤੁਰਤ ਭਿਜਾਈਆਂ।

'ਲਾਠ ਦੂਸਰੀ ਕੁਤਬਦੀਨ ਦੀ
ਰਹਿ ਗਈ ਅੱਧ ਵਿਚਾਲੇ,
'ਅਹੁ ਦੇਖੋ ਜੋ ਖੜੀ ਸਾਹਮਣੇ
ਰੋਂਦੀ ਹੈ ਦੁਰਹਾਲ*।

* ਕਈ ਆਖਦੇ ਹਨ ਕਿ ਇਹ ਦੂਸਰੀ ਲਾਠ ਇਲਤਮਸ਼ ਨੇ, ਕਈ ਅਲਾਉਦੀਨ ਨੇ, ਸ਼ੁਰੂ ਕੀਤੀ ਸੀ ਜੋ ਸਿਰੇ ਨਹੀਂ ਚੜ੍ਹੀ।


www.sikhbookclub.com

'ਮਹਿਰਾਬਾਂ ਤੇ ਕੰਧਾਂ ਦੇਖੋ
ਕੁਝ ਰਹੀਆਂ ਕੁਛ ਗਈਆਂ,
'ਪਰ ਏਹ ਲਾਠ ਪਿਤਾ ਜੀ ਮੇਰੇ
ਸਹੀ ਸਲਾਮਤ ਰਹੀਆਂ।'

ਇਤਨੇ ਨੂੰ ਇਕ ਮਧਰਾ ਭਰਵਾਂ
ਕੁਲਹਾ ਪਹਿਨੇ ਆਯਾ;
ਗਲ ਸਮੂਰ ਦਾ ਤਿੱਲੇ ਵਾਲਾ
ਚੋਗ਼ਾ ਲੰਮਾਂ ਪਾਯਾ।

'ਮਲੇਛ ਮਲੇਛ' ਕਹਿ ਬੇਲਾ ਉੱਡੀ
ਫਿਰ ਨਜ਼ਰੀਂ ਨਹੀਂ ਆਈ
ਕੁਤਬ ਦੀਨ ਦੀ ਸੀ ਇਹ ਸੂਰਤ
ਜੋ ਕਿਧਰੋਂ ਟੁਰ ਆਈ*।

ਚੁੱਪ ਚਾਪ ਬਿਨ ਬੋਲੇ ਫਿਰਦੀ
ਘੁੰਮਰ ਸਾਰੇ ਪਾਂਦੀ,
ਚੱਕਰ ਦੇਂਦੀ ਤੇ ਸਾਹ ਭਰਦੀ
ਫਿਰ ਕਬਰੇ ਵੜ ਜਾਂਦੀ।

ਤ੍ਰਬੁਕ ਅਸਾਂ ਜਦ ਅੱਖ ਉਘਾੜੀ
ਨਜ਼ਰੀਂ ਕੁਛ ਨਾ ਆਯਾ।
ਸੁੰਦਰ ਥਾਵਾਂ ਦਾ ਓ ਖੋਲਾ
ਚਾਰ ਚੁਫੇਰ ਸੁਹਾਯਾ।

---

* ਕੁਤਬਦੀਨ ਦੀ ਕਬਰ ਲਾਹੌਰ ਅਨਾਰਕਲੀ ਵਿਚ ਬਣੀ ਹੋਈ ਹੈ।


www.sikhbookclub.com

ਸਭ ਵੈਰਾਨ ਜਗ੍ਹਾਂ ਹਨ ਹੋਈਆਂ
ਖੋਲੇ ਹਨਗੇ ਬਾਕੀ,
ਪਰ ਏ ਲਾਠ ਕੁਤਬ ਦੀ ਕਾਯਮ
ਜਿਉਂ ਕੀ ਤਿਉਂ ਹੈ ਆਕੀ,-

ਕਈ ਸੌ ਬਰਸ ਸਮੇ ਸੰਗ ਲੜਦੀ,
ਤੱਤਾਂ ਘੋਲ ਘੁਲਾਂਦੀ,
ਜਿਉਂ ਕੀ ਤਿਉਂ ਹੈ ਖੜੀ ਏਸ ਥਾਂ
ਉਮਰਾ ਅਜੇ ਰਹਾਂਦੀ। ੭੭.


www.sikhbookclub.com

# ਰੀਂਗਾ ਰਾਮ*

ਵਿਚ ਜੰਗਲ ਇੱਕ ਉਜਾੜ ਬੜੀ
ਇਕ ਤੋਤਾ ਬੈਠਾ ਰੋਂਦਾ ਹੈ।
ਡਰ ਉਠਦਾ, ਤਕਦਾ, ਟਪਦਾ ਹੈ
ਤਕ ਤਕ ਕੇ ਫਾਵ੍ਹਾ ਹੋਂਦਾ ਹੈ।

ਖਾ ਸਹਿਮ ਕਦੇ ਛਹਿ ਬਹਿੰਦਾ ਹੈ
ਬੰਨ੍ਹ ਆਸ ਕਦੇ ਤੁਰ ਪੈਂਦਾ ਹੈ,
ਚੱਕ ਟੰਗ ਕਦੇ ਅੱਖ ਮੀਟੇ ਹੈ
ਥਕ ਖੰਭ ਕਦੇ ਫੜਕੈਂਦਾ ਹੈ।

ਇਉਂ ਡਾਵਾਂ ਡੋਲਕ ਹੁੰਦੇ ਨੂੰ
ਭੁਖ ਤ੍ਰੇਹ ਨੇ ਨਾਲ ਸਤਾਯਾ ਹੈ,
ਪਰ ਦੁਖ-ਹਰਤਾ ਇਸ ਦੁਖੀਏ ਦਾ
ਕੁਈ ਲੈਣ ਸਾਰ ਨਾ ਆਯਾ ਹੈ।

* ਪਾਲਤੂ ਤੋਤੇ ਨੂੰ ਪੰਜਾਬੀ ਘਰਾਂ ਵਿਚ ਰੀਂਗਾ ਰਾਮ ਤੇ ਮੀਆਂ ਮਿੱਠੂ ਆਖਦੇ ਹਨ। ਇਹ ਪਿੰਜਰੇ ਪਿਆ ਚੂਰੀਆਂ ਖਾਂਦਾ ਅਤੇ ਆਦਮੀ ਨਾਲ ਗਿੱਝ ਜਾਂਦਾ ਹੈ ਅਰ ਉਸਦੀ ਬੋਲੀ ਦੀ ਨਕਲ ਵੀ ਕਰ ਲੈਂਦਾ ਹੈ।


www.sikhbookclub.com

ਸੀ ਪਿੱਪਲ ਇਕ ਉਦਾਰ ਬੜਾ,
ਕੁਛ ਦੂਰ ਸੁਹਾਵਾ ਲਹਿਰ ਰਿਹਾ,
ਇਕ ਡਾਰ ਉਡੰਦੀ ਤੋਤਿਆਂ ਦੀ
ਇਸ ਤੇ ਆ ਬੈਠ ਅਰਾਮ ਲਿਆ।

ਝੂਮ ਝੂੰਮਣ ਡਾਲ ਹਿਲੰਦੀਆਂ ਤੇ
ਟੁਕ ਗੋਲ੍ਹਾਂ ਖਾਣ ਅਚਿੰਤ ਬੜੇ,
ਖੁਸ਼ ਹੋ ਹੋ ਚਹਿ ਚਹਿ ਸ਼ੋਰ ਕਰਨ
ਫਿਰ ਚਾਰ ਚਫ਼ੇਰੇ ਨਜ਼ਰ ਲੜੇ।

ਇਕ ਤੋਤਾ ਡਿੱਠਾ ਦੂਰ ਬੜੀ
ਕੁਈ ਵੀਰ ਅਸਾਡਾ ਵਿਲਕ ਰਿਹਾ,
ਵਿਚ ਦੁੱਖ ਤਸੀਹੇ ਪਿਆ ਕਿਸੇ
ਖੰਭ ਹੁੰਦਿਆ ਤੇ ਹੈ ਢਿਲਕ ਰਿਹਾ।

ਇਹ ਮਾਰ ਉਡਾਰੀ ਪਾਸ ਗਿਆ
ਜਾ ਕਹਿੰਦਾ: 'ਤੂੰ ਕਿਉਂ ਸਿਸਕ ਰਿਹਾ?
'ਹੈਂ ਦੁਖੀਆ ਕਿਉਂ ਦੁਖਿਆਰ ਬੜਾ
'ਵਿਚ ਸਹਿਮ ਉਦਾਸੀ ਬੁਸਕ ਰਿਹਾ?

'ਆ ਮਾਰ ਉਡਾਰੀ ਨਾਲ ਮਿਰੇ,
'ਲੈ ਚੱਲਾਂ ਉਪਰ ਬ੍ਰਿੱਛ ਬੜੇ,
'ਮਤ ਏਥੋਂ ਬਿੱਲੀ ਕੁੱਤਾ ਆ
'ਨਿਜ ਪੇਟ ਭਰਨ ਨੂੰ ਚੁੱਕ ਖੜੇ।'

ਸੁਣ ਤੱਕ ਕਹੇ ਵਲ ਬ੍ਰਿਛ ਜ਼ਰਾ:
'ਕੀ ਮੈਂ ਜਾ ਉਥੇ ਸਕਦਾ ਹਾਂ?
'ਕੁਈ ਚੁੱਕਣ ਵਾਲਾ ਨਾਲ ਨਹੀਂ
'ਮੈਂ ਸੋਚ ਸੋਚਣੋਂ ਝਕਦਾ ਹਾਂ।'

'ਸ਼ਿਹ' ਤੋਤਾ ਕਹਿੰਦਾ ਝਿੜਕ ਜ਼ਰਾ
'ਤੂੰ ਉੱਡ ਪਰਾਂ ਨੂੰ ਮਾਰ, ਭਰਾ!'
ਪਰ ਮਾਰੇ ਪਰ ਉਡ ਸੱਕੇ ਨਾ
ਹੋ ਰੀਂਗਾ ਰਾਮ ਲਚਾਰ ਰਿਹਾ।

ਇਹ ਹਾਲ ਅਣੋਖਾ ਤੋਤੇ ਨੇ
ਨਹੀਂ ਅੱਗੇ ਸੁਣਿਆ ਡਿੱਠਾ ਸੀ,
ਉਡ ਗਿਆ ਭਰਾਵਾਂ ਦੱਸਣ ਨੂੰ
ਇਹ ਨਵਾਂ ਸੁਆਦਲ ਚਿੱਠਾ ਸੀ।


www.sikhbookclub.com

ਜਾ ਸਾਰਾ ਹਾਲ ਸੁਣਾਇਓਸੁ
ਸੁਣ ਡਾਰ ਹਿਠਾਹਾਂ ਆਇ ਗਈ:
ਤਕ ਸਭ ਨੇ ਆਖਿਆ 'ਤੋਤਾ ਹੈ;
'ਕੀ ਸਿਰ ਇਸ ਆਇ ਬਲਾਇ ਪਈ?'

ਇਕ ਕਹਿੰਦਾ: 'ਵੀਰਾ ਸਾਵਿਆ ਵੇ!
'ਤੂੰ ਕਿਉਂ ਏ ਚਾਲ ਬਣਾਈ ਹੈ?
'ਵਿਚ ਸਹਿਮ ਘੁੱਟਿਆ ਦਬਕ ਰਿਹਾ
'ਕਿਉਂ ਉੱਡਣ ਬਾਣ ਭੁਲਾਈ ਹੈ?'

ਰੋ ਕਹਿੰਦਾ ਰੀਂਗਾ ਰਾਮ: 'ਬਈ!
'ਮੈਂ ਵਤਨੋਂ ਵਿਛੁੜ ਬਿਹਾਲ ਬੜਾ,
'ਭੁਖ ਤ੍ਰੇਹ ਨੇ ਮਾਰ ਮੁਕਾਯਾ ਹਾਂ,
'ਦੁਖ ਸਹਿਮ ਪਿਆ ਸਿਰ ਆਣ ਕੜਾ'।

ਇਕ ਤੋਤਾ ਕਹਿੰਦਾ: 'ਦੱਸ ਬਈ!
'ਕੁਝ ਹਾਲ ਵਤਨ ਦਾ ਅਪਣੇ ਤੂੰ?
'ਵਿਚ ਬਿਰਹੋਂ ਜਿਸ ਦੇ ਰੋਂਦਾ ਹੈਂ
'ਵਿਚ ਪਹੁੰਚਣ ਚਾਹੇਂ ਜਿਸਦੇ ਤੂੰ!'


www.sikhbookclub.com

ਸੁਣ ਆਖੇ ਰੀਗਾ ਰਾਮ: 'ਸੁਣੋਂ!
'ਮੈਂ ਦੇਵ-ਲੋਕ ਦਾ ਵਾਸੀ ਹਾਂ;
'ਸੁਖ ਮੌਜ ਬਹਾਰਾਂ ਭੋਗ ਬੜੇ,
'ਦਿਨ ਰਾਤ ਰਹਾ ਵਿਚ ਹਾਸੀ ਸਾਂ।'

ਇਕ ਤੋਤੇ ਟੁੱਕੀ ਬਾਤ, ਕਹੇ:
'ਇਸ ਥਾਂ ਤੇ ਰਹਿਣਾ ਠੀਕ ਨਹੀਂ,
'ਉਡ ਚਲੋ ਉਤਾਂਹ ਪਿੱਪਲ ਤੇ
'ਗਲ ਬਾਕੀ ਓਥੇ ਚੱਲ ਸਹੀ।'

ਉਡ ਡਾਰ ਚਲੀ ਪਰ ਰੀਗੂ ਜੀ
ਉਡ ਸਕਣ ਨ ਫੜਫੜ ਕਰਦੇ ਹੈਂ,
ਪਰ ਸਾਵੇ ਵੀਰ ਉਡਾਵਣ ਦੀ
ਵਿਧਿ ਉਸ ਦੇ ਮਨ ਤੇ ਧਰਦੇ ਹੈਂ।

ਕੋਈ ਕਹੇ; 'ਖਲਾਰ ਪਰਾਂ ਨੂੰ ਤੂੰ',
ਕੁਈ ਕਹੇ: 'ਹਿੱਕ ਦਾ ਜ਼ੋਰ ਭਰੀਂ'।
ਕੁਈ ਕਹੇ: 'ਹੰਭਲਾ ਮਾਰ ਜ਼ਰਾ',
ਕੁਈ ਕਹੇ: 'ਰਿਦੇ ਤੋਂ ਭਰਮ ਹਰੀਂ।


www.sikhbookclub.com

'ਕਰ ਪੱਕ ਭਰੋਸਾ ਅਪਣੇ ਤੇ
'ਸਮਰੱਥ ਆਪ ਨੂੰ ਉੱਡਣ ਨੂੰ
'ਫਿਰ ਹੋਇ ਅਚਿੰਤ ਚਲਾ ਚਲ ਤੂੰ
'ਕਰ ਦੂਰ ਦਿਲੋਂ ਡਰ ਡਿੱਗਣ ਨੂੰ।'

ਇਉਂ ਹਿੰਮਤ ਹੀਆ ਦਾਨ ਕਰਨ
ਕੁਛ ਡੌਲ ਨਾਲ ਸਿਖਲਾਂਦੇ ਹੈਂ,
ਕੁਛ ਡਿਗਦੇ ਨੂੰ ਦੇ ਆਸਰਾ ਓ,
ਉਸ ਪਿੱਪਲ ਤੇ ਲੈ ਜਾਂਦੇ ਹੈਂ।

ਇਕ ਤੋਤੇ ਆਖਜਾ: 'ਗੋਲ੍ਹ ਛਕੋ,
'ਢਿਡ ਭੁੱਖਾ ਫਲ ਦੇ ਨਾਲ ਭਰੋ,
'ਰਜ ਜਾਵੋ ਤਦੋਂ ਨਿਹਾਲ ਕਰੋ
'ਉਸ ਦੇਵਪੁਰੀ ਦੇ ਹਾਲ ਕਹੋ।'

ਟੁਕ ਗੋਲ੍ਹ ਸੁ ਰੀਗਾਰਾਮ ਲਈ
ਪਰ ਸ੍ਵਾਦ ਨ ਆਯਾ, ਸਿੱਟ ਦਈ,
ਫਿਰ ਹੋਰ ਲਈ, ਟੁਕ ਸਿੱਟ ਦਈ,
ਨਕ ਵੱਟ ਕਹੇ: 'ਏ ਸ੍ਵਾਦ ਨਹੀਂ'।

 www.sikhbookclub.com

ਪਰ ਜ਼ਾਲਮ ਭੁੱਖਾ ਪੇਟ ਬੁਰਾ
ਬਿਨ ਝੁਲਕੇ ਕਰੇ ਅਰਾਮ ਨਹੀਂ।
ਸੋ ਰੋਂਦੇ ਧੋਂਦੇ ਰੀਂਗੂ ਨੇ ਕਰ
ਉਗਲ ਨਿਗਲ ਖਾ ਗੋਲ੍ਹ ਲਈ।

ਹੁਣ ਪੁੱਛਣ ਹਾਲ ਵਿਲਾਇਤ ਦਾ
ਉਹ ਰੀਂਗੂ ਨਾਲ ਸੁਆਦ ਕਹੇ:-

'ਮੈਂ ਦੇਵਤਿਆਂ ਵਿਚ ਵਸਦਾ ਸਾਂ
'ਜਿਥੇ ਜੀਵਨ ਸਦਾ ਅਚਿੰਤ ਰਹੇ,
'ਮੈਂ ਵਸਣੇ ਨੂੰ ਇਕ ਮਹਿਲ ਸਿਗਾ
'ਜੋ ਲੋਹੇ ਨਾਲ ਬਨਾਯਾ ਸੀ;
'ਇਸ ਅੰਦਰ ਬੈਠਜਾਂ ਨਿਰਭੈ ਸਾਂ
'ਕੁਈ ਵੈਰੀ ਨਿਕਟ ਨ ਆਯਾ ਸੀ।
'ਕੁਈ ਭੰਨ ਨ ਇਸ ਨੂੰ ਸਕਦਾ ਸੀ
'ਫਿਰ ਪੌਣ ਅਜਾਇਬ ਵਗਦੀ ਸੀ,
'ਤੇ ਚੂਰੀ ਮਿੱਠੀ ਮਿਲਦੀ ਸੀ
'ਜੋ ਬਹੁਤ ਸੁਆਦੀ ਲਗਦੀ ਸੀ।
'ਕਈ ਮੇਵੇ ਮਿਰਚਾਂ ਮਿਲਦੇ ਸਨ
'ਕਈ ਭੋਜਨ ਸੁਹਣੇ ਆਂਦੇ ਸੀ,


www.sikhbookclub.com

'ਕਈ ਪਜਾਰ ਲਾਡ ਨਿਤ ਹੁੰਦੇ ਸੀ
'ਕਈ ਲੋਕੀ ਗੀਤ ਸੁਣਾਂਦੇ ਸੀ।
'ਦਿਨ ਰਾਤ ਮੌਜ ਹੀ ਰਹਿੰਦੀ ਸੀ,
'ਕੁਈ ਮੁਸ਼ਕਲ ਕਦੇ ਨ ਪੈਂਦੀ ਸੀ,
'ਨਹੀਂ ਚਿੰਤਾ ਆ ਕੇ ਖਹਿੰਦੀ ਸੀ
'ਮੈਂ ਲੋੜ ਉਨ੍ਹਾਂ ਸਿਰ ਬਹਿੰਦੀ ਸੀ।'

ਇਹ ਕਹਿਕੇ ਰੀਂਗਾ ਰਾਮ ਹੁਰੀਂ
'ਲਟ ਪੰਛੀ ਪਟ* ਪੜਦੇ ਸੀ,
'ਖਾ ਚੂਰੀ' ਮੁੜ ਮੁੜ ਕਹਿੰਦੇ ਸੀ
ਕਈ ਟੱਪੇ ਯਾਦੋਂ ਜੜਦੇ ਸੀ।

ਏ ਭਜਾਨਕ ਬੋਲੀ ਡਹਿਸ ਭਰੀ
ਸੁਣ ਕੰਬੀ ਸਾਰੀ ਡਾਰ ਬੜਾ।
ਕੁਛ ਸਮਝ ਸਕੇ ਨਾ ਕੀ ਹੋਯਾ,
ਇਹ ਕੀ ਬਕਦਾ ਹੈ ਸਬਜ਼ ਚਿੜਾ?

* ਰੀਂਗਾ ਰਾਮ ਨੂੰ ਪਿੰਜਰੇ ਵਿਚ ਪਹਿਲੀ ਗਲ ਲੋਕੀ: ਇਹੋ ਬੋਲੀ ਸਿਖਾਲਦੇ ਹਨ : 'ਲਟ ਪਟ ਪੰਛੀ ਚਤੁਰ ਸੁਜਾਨ। ਸਭ ਦਾ ਦਾਤਾ ਸ੍ਰੀ ਭਗਵਾਨ। ਪੜ੍ਹ ਰੀਂਗਾ ਰਾਮ।'


www.sikhbookclub.com

ਜਦ ਚੁਪ ਹੋਈ ਤਦ ਸੋਚ ਪਈ
ਸਭ ਫ਼ਿਕਰ ਦੁੜਾਂਦੇ ਥੱਕੇ ਨੀਂ,
ਨਹੀਂ ਸਮਝ ਪਿਆ ਜੋ ਓਸ ਕਿਹਾ
ਫਿਰ ਪੁੱਛਾਂ ਪੁਛ ਪੁਛ ਅੱਕੇ ਨੀ।

ਕੁਝ ਸਜਾਣੇ ਤੋਤੇ ਉੱਡ ਗਏ
ਇਕ ਸਿੰਮਲ ਦਾ ਸੀ ਬ੍ਰਿਛ ਬੜਾ,
ਇਕ ਬਹੁਤ ਪੁਰਾਣੇ ਤੋਤੇ ਦਾ
ਖੋਹ ਇਸ ਦੀ ਵਿਚ ਸੀ ਇੱਕ ਘੁਰਾ।

ਜਾ ਸਭ ਨੇ ਸੀਸ ਨਿਵਾਇਆ ਏ
ਤੇ ਸਾਰਾ ਹਾਲ ਸੁਣਾਇਆ ਏ,
ਫਿਰ ਪੁਛਿਆ: 'ਬਾਬਾ ਦੱਸ ਅਸਾਂ
'ਕੀ ਤੇਰੀ ਸਮਝੇ ਆਇਆ ਏ?'

ਉਸ ਬੁੱਢੇ ਕਈ ਜ਼ਮਾਨੇ ਵਰਤੇ
ਦੁਨੀਆਂ ਦੇ ਵਿਚ ਡਿੱਠੇ ਸੇ,
ਕਈ ਹਾਲ ਸੁਣੇ ਤੇ ਪੁੱਛੇ ਸੇ
ਕਈ ਵਾਚੇ ਪਿਛਲੇ ਚਿੱਠੇ ਸੇ।


www.sikhbookclub.com

'ਹੂ' ਕਹਿੰਦਾ ਖੋੜੋਂ ਨਿਕਲਜਾ ਸੀ
ਤੇ ਉੱਡ ਪਿੱਪਲੇ ਆਯਾ ਸੀ;
ਤਕ ਓਪ੍ਰੇ ਆਏ ਤੋਤੇ ਨੂੰ
ਇਕ ਡੂੰਘਾ ਧਜਾਨ ਜਮਾਯਾ ਸੀ।

ਝਟ ਤਾੜ ਗਿਆ: ਰੰਗ ਪਿੱਲਾ ਹੈ
ਤੇ ਹਿੱਲਣ ਜੁੱਲਣ ਢਿੱਲਾ ਹੈ,
ਅਖ ਦਬਕ ਦਬਕ ਕੇ ਤਕਦਾ ਹੈ
ਜਿਉਂ ਸਿਰ ਤੇ ਹਰਦਮ ਬਿੱਲਾ ਹੈ।

ਬੁੱਲ੍ਹ ਢਿਲਕੇ ਮੱਥੇ ਜੋਤ ਨਹੀਂ
ਵਿਚ ਖੰਭਾਂ ਖਿਚਵੀਂ ਤਾਣ ਨਹੀਂ,
ਨਿਜ ਤਾਕਤ ਦੀ ਕੁਈ ਸ਼ਾਨ ਨਹੀਂ
ਕਲ ਚੜ੍ਹਦੀ ਦੀ* ਕੁਈ ਆਨ ਨਹੀਂ।

ਉਸ ਬਾਬੇ ਬੁੱਢੇ ਸ਼ੱਕ ਪਿਆ:
ਏ ਕੈਦ ਪਿਆ ਯਾ ਦਾਸ ਰਿਹਾ,-
ਨਹੀਂ ਦੇਵ ਲੋਕ ਦੇ ਪਾਸ ਗਿਆ
ਲੈ ਐਵੇਂ ਉਭੇ ਸਾਸ ਰਿਹਾ।

---

* ਚੜ੍ਹਦੀਆਂ ਕਲਾਂ।


www.sikhbookclub.com

ਫਿਰ ਨਾਲ ਪਜਾਰ ਦੇ ਬੋਲ ਪਿਆ:
'ਦੱਸ ਬੱਚੂ ਬਰਖ਼ੁਰਦਾਰ ਬੜੇ!
'ਤੈਂ ਦੇਵ-ਲੋਕ ਤੋਂ ਵਿਛੜ ਕਦੋਂ
'ਦੇ ਲੀਤੇ ਸਿਰ ਤੇ ਦੁੱਖ ਕੜੇ?'

ਰੋ ਰੀਂਗੂ ਆਖੇ: 'ਸੈਰ ਕਰਨ
'ਟੁਰ ਦੇਵ-ਬਾਲ ਅਜ ਆਏ ਸੀ,
'ਚੁਕ ਮੈਨੂੰ ਨਾਲ ਲਿਆਏ ਸੀ
'ਫਿਰ ਖੇਡੀਂ ਸੱਭ ਲੁਭਾਏ ਸੀ।

'ਓ ਖੇਡ ਖਿਡੰਦੇ ਚੁਹਲ ਭਰੇ,
'ਤੇ ਟਪਦੇ ਨਚਦੇ ਦੌੜ ਰਹੇ,
'ਛਡ ਮੈਨੂੰ ਕਿਧਰੇ ਨਿਕਲ ਗਏ
'ਮੁੜ ਓਸ ਥਾਉਂ ਨਹੀਂ ਪਰਤ ਲਹੇ।

'ਓਹ ਗਏ ਕਿਸੇ ਵਲ ਹੋਰਸ ਨੂੰ
'ਪਟ ਪਟ ਕੇ ਅੱਖੀਂ ਵੇਂਹਦਾ ਸਾਂ,
'ਫਿਰ ਟੁਰ ਟੁਰ ਥਾਂ ਥਾਂ ਲਭਦਾ ਸਾਂ,
'ਮੈਂ ਹਾਰਿਆ ਭਾਲ ਕਰੇਂਦਾ ਸਾਂ।'


www.sikhbookclub.com

'ਹੂੰ' ਬੁੱਢਾ ਕਹਿੰਦਾ, 'ਦੱਸ ਬਈ!
'ਤੂੰ ਦੇਵ-ਲੋਕ ਨੂੰ ਜਾਣਾ ਹੈ?
'ਕਿ ਰਹਿਕੇ ਜੰਗਲ, ਵਾਂਗ ਅਸਾਂ
'ਬਨ ਬਨ ਦਾ ਮੇਵਾ ਖਾਣਾ ਹੈ?'

'ਹਾਂ, ਦੇਵ-ਲੋਕ ਨੂੰ ਜਾਣਾ ਹੈ'
ਕਹਿ ਗੰਗੂ: 'ਰਾਹ ਦਸਾਇਆ ਜੇ,
'ਇਸ ਡਾਵਾਂ ਡੋਲ ਵਲਾਯਤ ਤੋਂ
'ਮੈਂ ਦੇਸ਼ ਵਿਖੇ ਅਪੜਾਯਾ ਜੇ।'

'ਕੀ ਓਥੇ ਮਿਲਦਾ ਖੋਪਾ ਹੈ?
'ਕੀ ਫਲ ਬਦਾਮ ਦਾ ਸੋਮਾ ਹੈ?
'ਕੀ ਓਥੇ ਸੁਾਦਲ ਪੌਣ ਵਹੇ?
'ਕੀ ਚਲਦੀ ਗੰਗਾ ਗੋਮਾ ਹੈ?'

ਇਹ ਕਹਿਕੇ ਬੁੱਢੇ ਤੋਤੇ ਨੇ
ਚੌਫੇਰੇ ਨਜ਼ਰ ਦੁੜਾਈ ਸੀ,
ਵਲ ਡਾਰ ਅਪਣੀ 'ਧਜਾਨ ਕਰੋ'
ਇਕ ਐਸੀ ਅੱਖ ਤਕਾਈ ਸੀ।


www.sikhbookclub.com

ਸੁਣ ਗੰਗੂ ਕਹਿੰਦਾ: 'ਆਖਾਂ ਕੀਹ
'ਕੁਝ ਬੋਲਿਆ ਕਿਹਾ ਨ ਜਾਂਦਾ ਏ,
'ਰਸ ਆਵੇ ਵੇਖੀਏ ਅੱਖੀਂ ਜੇ
'ਬਿਨ ਡਿੱਠੇ ਸਮਝ ਨ ਆਂਦਾ ਏ।'

ਉਸ ਬੁੱਢੇ ਤੋਤੇ 'ਠੀਕ' ਕਿਹਾ :
'ਨਹੀਂ ਡਿੱਠੇ ਵਰਗਾ ਸੁਣਿਆਂ ਹੋ,
'ਜੋ ਹੱਡੀਂ ਆਕੇ ਵਰਤਜਾ ਨਾ,
'ਕੀ ਨਾਲ ਖਿਆਲਾਂ ਪੁਣਿਆਂ ਹੋ,

'ਪਰ ਤਦ ਵੀ ਸੋਚ ਬੜੀ ਸ਼ੈ ਹੈ
'ਇਕ ਸੱਚ ਝੂਠ ਦਾ ਤੱਕੜ ਹੈ,
'ਕਰ ਦੱਸਦੀ ਨਿਰਣੇ ਸੁਣੀਆਂ ਦੇ
'ਕੀ ਸੱਚ ਜਚੇ ਕੀ ਯੱਕੜ ਹੈ?

'ਮੈਂ ਪੁੱਛਾਂ ਜੋ ਕੁਛ ਪਜਾਰੇ ਜੀ!
'ਦੇ ਉੱਤਰ ਅਸਾਂ ਨਿਹਾਲ ਕਰੋ,
'ਇਸ ਜੰਗਲ ਵਾਸੀ ਪਸ਼ੂਆਂ ਨੂੰ
'ਕੁਛ ਮੱਤ ਦਿਓ, ਖੁਸ਼ਹਾਲ ਕਰੋ।


www.sikhbookclub.com

'ਜੋ ਮੰਦਰ ਸੁੰਦਰ ਮਿਲਿਆ ਸੀ
'ਵਿਚ ਜਿਸਦੇ ਸੁਖੀਏ ਵਸਦੇ ਸੇ,
'ਕੀ ਬੰਦ ਚੁਤਰਫੋਂ ਹੋਯਾ ਸੀ
'ਯਾ ਉਸਨੂੰ ਇਕ ਦੋ ਰਸਤੇ ਸੇ?'

ਰੀਂਗੂ- ਇਕ ਰਸਤਾ ਉਸਦਾ ਹੈਗਾ ਸੀ
ਪਰ ਬੰਦ ਸਦਾ ਉਹ ਰਹਿੰਦਾ ਸੀ,
ਮਤ ਕੋਈ ਮੈਨੂੰ ਖਾ ਜਾਵੇ
ਇਸ ਗਲ ਤੋਂ ਸੁਖੀਆ ਸੈਂਦਾ ਸੀ।

ਸਨ ਰਸਤੇ ਚਾਰ ਚੁਫੇਰੇ ਵੀ
ਧੁਪ ਪੌਣ ਖੁਲ੍ਹੀ ਆ ਜਾਂਦੀ ਸੀ,
ਡਰ ਮੈਨੂੰ ਰਤਾ ਨ ਰਹਿੰਦਾ ਸੀ,
ਕੁਈ ਆਣ ਬਲਾ ਨਾ ਖਾਂਦੀ ਸੀ।

ਬੁੱਢਾ ਤੋਤਾ-ਪਰ ਦੱਸੀਂ ਤਾਕੀ ਮੰਦਰ ਦੀ
ਵਸ ਕਿਸਦੇ ਖੋਲ੍ਹਣ ਮਾਰਨ ਸੀ?
ਜੇ ਵੱਸ ਨ ਤੇਰੇ ਰੱਖੀ ਸੀ
ਤਾਂ ਇਸਦਾ ਕਹੁ ਕੀ ਕਾਰਨ ਸੀ?


www.sikhbookclub.com

ਜੇ ਜੀਉੜਾ ਚਾਹੇ ਨਿਕਲਣ ਨੂੰ
ਕੋਈ ਤੇਰੀ ਆਖੀ ਮੰਨਦਾ ਸੀ?
ਜਾਂ ਬੱਝਾ ਮਰਜ਼ੀ ਦੂਏ ਦੀ
ਤੂੰ ਵਿਚ ਪਿਆ ਸਿਰ ਧੁਨਦਾ ਸੀ?

ਜੋ ਤੂੰ ਦਰਵਾਜ਼ੇ ਦਸਦਾ ਹੈਂ
ਕੀ ਉਸਤੋਂ ਬਾਹਰ ਆਂਦਾ ਸੈਂ?
ਜਾਂ ਵਿੱਚੇ ਰਹਿਕੇ, ਉਹਨਾਂ ਤੋਂ
ਦਰਸ਼ਨ ਹੀ ਦੇਂਦਾ ਲੈਂਦਾ ਸੈਂ?

ਰੰਗਾ ਰਾਮ-ਸੀ ਦੇਵਤਿਆਂ ਦੇ ਵੱਸ ਸਦਾ
ਵੱਸ ਮੇਰੇ ਰੱਖਣ ਮਾੜਾ ਸੀ,
ਉਹ ਬੰਦੀ ਨਾਂ, ਇਕ ਰਾਖੀ ਦਾ
ਮੈਂ ਦੁਾਲੇ ਤਕੜਾ ਵਾੜਾ ਸੀ।

ਓ ਰਸਤੇ ਮੌਜ ਬਹਾਰਾਂ ਦੇ
ਵਾ ਚਾਨਣ, ਸੁਾਦਾਂ ਦੇਂਦੇ ਸਨ,
ਪਰ ਮੈਨੂੰ ਅੰਦਰੇ ਰਖਦੇ ਸਨ
ਓਹ ਦਾਤੇ ਰੱਖ ਕਰੇਂਦੇ ਸਨ।


www.sikhbookclub.com

ਬੁੱਢਾ ਤੋਤਾ- ਜੋ ਅੰਮ੍ਰਿਤ ਖਾਣੇ ਮਿਲਦੇ ਸੇ
ਉਹ ਦੇਂਦੇ ਤੈਨੂੰ ਆਪੇ ਸੀ,
ਯਾ ਮੂੰਹ ਮੰਗਿਆ ਵੀ ਦੇਂਦੇ ਸੀ
ਜੋ ਤੈਨੂੰ ਲਗਦੇ ਮਾਪੇ ਸੀ?

ਰੰਗਾ ਰਾਮ- ਜੋ ਭਾਵੇ ਓਹਨਾਂ ਮਾਪਿਆਂ ਨੂੰ
ਨਿਜ ਬਾਲਾਂ ਵਾਂਗੂੰ ਦੇਂਦੇ ਸੀ,
ਮੈਂ ਮੰਗਣ ਕੋਲੋਂ ਸੰਗਦਾ ਸਾਂ
ਜੋ ਚਾਹੁਣ ਆਪ ਕਰੇਂਦੇ ਸੀ।

ਬੁੱਢਾ ਤੋਤਾ- ਜੇ ਬਾਲ ਕਦੀ ਕੁਈ ਓਹਨਾਂ ਦਾ
ਤੈਂ ਨਾਲ ਖੇਡਦਾ ਹਸਦਾ ਸੀ,
ਤੇ ਤੈਥੋਂ ਚੱਕ ਵਢੀਂਦਾ ਸੀ,
ਉਹ ਜਾ ਮਾਪਜਾਂ ਨੂੰ ਦਸਦਾ ਸੀ,

ਤਦ ਤੈਨੂੰ ਸੋਟੀ ਪੈਂਦੀ ਸੀ
ਤੇ ਚੂਰੀ ਬੰਦ ਰਹਾਂਦੀ ਸੀ?
ਜਾਂ ਗਲ ਨ ਗਉਲੀ ਜਾਂਦੀ ਸੀ,
ਕੁਈ ਆਫਤ ਸਿਰੇ ਨ ਆਂਦੀ ਸੀ?


www.sikhbookclub.com

ਗੀਗਾ ਰਾਮ- ਜੇ ਮੈਂ ਅਪਰਾਧ ਕਮਾਂਦਾ ਸਾਂ,
ਤਦ ਕੀਤੇ ਦਾ ਫਲ ਪਾਂਦਾ ਸਾਂ,
ਪਰ ਮੈਂ ਬੀਬਾ ਬਣ ਰਹਿੰਦਾ ਸਾਂ,
ਵਸ ਲਗਦੇ ਨਹੀਂ ਦੁਖਾਂਦਾ ਸਾਂ।

ਇਹ ਕਹਿੰਦਾ 'ਲਟਪਟ ਪੰਛੀ' ਦੀ
ਫਿਰ ਗੀਗੂ ਬੋਲੀ ਪਾਂਦਾ ਏ,
ਸੁਣ ਤੋਤਾ ਧੌਣ ਉਠਾਂਦਾ ਏ
ਤੇ ਅਗਲੀ ਗਲ ਚਲਾਂਦਾ ਏ।

ਬੁੱਢਾ ਤੋਤਾ- ਇਹ ਬੋਲੀ ਜਿਸ ਵਿਚ ਬੋਲੇਂ ਤੂੰ
ਇਹ ਦੇਵ-ਲੋਕ ਦੀ ਬਾਣੀ ਹੈ?
ਕੀ ਰਮਜ਼ ਬੀ ਦੱਸੀ ਤੈਨੂੰ ਹੈ,
ਜਾਂ ਕੰਠ ਕਰਨ ਦੀ ਠਾਣੀ ਤੈਂ?

ਜੇ ਸਮਝੇਂ ਤਾਂ ਸਮਝਾਵੀਂ ਤੂੰ
ਕੀ ਇਸਦਾ ਸਿੱਟਾ ਜਾਤਾ ਈ?
ਕੀ ਭੇਤ ਸਮਝ ਤੂੰ ਲੀਤੇ ਹਨ,
ਕੀ ਵਿੱਤੋਂ ਵੱਧ ਪਛਾਤਾ ਈ?

 www.sikhbookclub.com

ਰੰਗਾ ਰਾਮ- ਮੈਂ ਸਮਝ ਨਹੀਂ ਮੈਂ ਕੀ ਬੋਲਾਂ
ਜੋ ਬੋਲਣ ਸੋਈ ਨਕਲ ਕਰਾਂ,
ਓਹ ਰੀਝਣ ਏਨ੍ਹਾਂ ਨਕਲਾਂ ਤੇ
ਮੈਂ ਖੁਸ਼ੀ ਕਰਨ ਦੀ ਅਕਲ ਕਰਾਂ।

ਇਹ ਸੁਣਕੇ ਤੋਤਾ ਹੱਸ ਪਿਆ
ਸਿਰ ਫੇਰ ਡਾਰ ਨੂੰ ਕਹਿੰਦਾ ਏ:
'ਕੁਛ ਸਮਝਿਆ ਬਰਖੁਰਦਾਰੋ ਜੇ
'ਕਿਸ ਥਾਂ ਇਹ ਪਜਾਰਾ ਰਹਿੰਦਾ ਏ?

'ਨਹੀਂ ਦੇਵ-ਲੋਕ ਦਾ ਵਾਸੀ ਏ
'ਨਹੀਂ ਦੇਵਾਂ ਰਸਤੇ ਪਾਇਆ ਏ,
'ਉਸ ਮਾਨੁਖ ਧਰਤੀ ਟੁਰਦੇ ਨੇ
'ਵਿਚ ਬੰਦੀ ਕੈਦ ਰਖਾਇਆ ਏ।'
ਹੋ ਅਚਰਜ ਸਾਰੇ ਤ੍ਰਬਕ ਗਏ
ਪਏ ਬਿਟ ਬਿਟ ਸਾਰੇ ਤਕਦੇ ਹੈਂ,
ਵਲ ਬਾਬੇ ਮੁੜ ਮੁੜ ਵੇਂਹਦੇ ਨੇ
ਵਲ ਰੰਗੂ ਤਕਦੇ ਜਕਦੇ ਹੈਂ।

ਪਾ ਘੂਰੀ ਰੰਗੂ ਵੇਹਰੇ ਹੈ
ਫਿਰ ਹੇਠਾਂ ਨਜ਼ਰ ਦੁੜਾਵੈ ਹੈ,
ਮਤ ਕਿਧਰੇ ਢੂੰਡ ਕਰੇਂਦਾ ਜੇ
ਕੋਈ ਵਤਨੀ ਤੁਰਿਆ ਆਵੇ ਹੈ।


www.sikhbookclub.com

ਹੁਣ ਬੁੱਢੇ ਤੋਤੇ ਆਹ ਭਰੀ
ਫਿਰ ਨੈਣ ਅਕਾਸ਼ ਉਠਾਂਦਾ ਏ,
ਜੋ ਅੱਖੀ ਕਦੀ ਨ ਰੋਂਦੀ ਸੀ
ਦੋ ਅੰਝੂ ਭਰਕੇ ਲਜਾਂਦਾ ਏ।

ਨਾਂ ਗ਼ਮਜ਼ੇ ਚੁੰਮੇ ਨੈਣ ਕਦੇ
ਓ ਉਠੇ ਰਸੀਲੇ ਰੰਗ ਵਰੇ,
ਵਿਚ ਗੱਡ ਅਕਾਸ਼ਾਂ ਅਦਬ ਭਰੇ
ਉਹ ਬਾਬਾ ਐਂ ਅਰਦਾਸ ਕਰੇ:-

'ਹੇ ਸਭ ਤੋਂ ਉੱਚੇ ਉੱਡਣ ਵਾਲੇ!
'ਅਰਸ਼ਾਂ ਤੋਂ ਵੀ ਪਰੇ ਪਰੇ।
'ਉੱਚੇ ਵੱਸੋ ਬਿਨਾਂ ਆਲ੍ਹਣੇ
'ਬਿਨ ਖੰਭਾਂ ਤਰ ਗਗਨ ਰਹੇ!

'ਪੌਣ, ਅਕਾਸ਼, ਧਰਤਿ, ਤਲ, ਪਾਣੀ
'ਹਰ ਥਾਂ ਤੋਂ ਦਿਲ-ਪੀੜ ਸੁਣੌਂ,
'ਸੁਣ ਅਰਦਾਸ ਪਸ਼ੂ ਦੀ, ਦਾਤੇ!
'ਕਦੇ ਨ ਰੱਖੀਂ ਮਿਹਰ ਖੁਣੋਂ।


www.sikhbookclub.com

'ਸਾਨੂੰ ਰੱਖ ਸੁਤੰਤਰ, ਦਾਤੇ!
'ਬੰਦੀ ਸਾਥੋਂ ਦੂਰ ਢਹੇ,
'ਪਰਤੰਤਰ ਨਾਂ ਕਦੇ ਕਰਾਵੀਂ
'ਖੁਲ੍ਹ ਦਾ ਸਦਾ ਸ਼ਊਰ ਰਹੇ।

'ਮੂੰਹ ਤਕੀਏ ਨਾ ਕਦੇ ਕੈਦ ਦਾ
'ਕਦੇ ਗ਼ੁਲਾਮੀ ਆਵੇ ਨਾਂ,
'ਗੋਲਾ ਕਦੇ ਨ ਕਰੀਂ ਕਿਸੇ ਦਾ
'ਪਿੰਜਰੇ ਸਾਨੂੰ ਪਾਵੇ ਨਾਂ।

'ਦਾਸ ਬਣਾ ਨ ਖ਼ਿਦਮਤ ਪਾਵੀਂ
'ਸਾਡੀ ਖੁੱਲ ਖੁਹਾਵੀਂ ਨਾਂ;
'ਦੂਏ ਦੇ ਵਸ ਪਾਕੇ ਸਾਨੂੰ
'ਮਨ ਦੀ ਮੌਜ ਗੁਵਾਵੀਂ ਨਾਂ।

'ਆਜ਼ਾਦੀ ਹਕ ਤੇਰਾ ਦਿੱਤਾ
'ਸਭ ਨੂੰ ਦਾਨ ਕਰਾਈਂ ਤੂੰ,
'ਤ੍ਰੁਠ ਪ੍ਰਭੂ ਇਹ ਦਾਤ ਨ ਖੁੱਸੇ
'ਦਿੱਤੀ ਦਈ ਰਹਾਈਂ ਤੂੰ।


www.sikhbookclub.com

'ਮਰਜ਼ੀ ਹੇਠ ਕਿਸੇ ਦੀ ਮਰਜ਼ੀ
'ਧੱਕੇ ਨਾਲ ਨ ਲਗੇ ਕਦੀ,
'ਰੋਕਾ ਕਿਸੇ ਕਿਸਮ ਦਾ, ਸਾਈਆਂ!
'ਪਵੇ ਕਦੇ ਨਾ ਠਗੇ ਕਦੀ।

'ਜੰਗਲ ਵਾਸਾ ਬੇਸ਼ਕ ਦੇਵੀਂ
'ਮਾੜੀ ਮਹਿਲ ਨ ਸ਼ਹਿਰ ਦਈਂ,
'ਤਨ ਨੂੰ ਕੱਜਣ ਖੁਸ਼ੀ ਮਿਲੇ ਪਰ
'ਖੁੱਲ੍ਹ ਕਦੇ ਨਾ ਖੱਸ ਲਈਂ।

'ਬੇਸ਼ਕ ਸਾਡੀ ਚੋਗ ਖਿਲਾਰੀਂ
'ਹੰਢ ਹੰਢ ਦਿਨ ਪੇਟ ਭਰੇ,
'ਪੇਟ ਭਰੇ ਚਹਿ ਊਣਾ ਰਹਿ ਜਏ
'ਖੁੱਲ੍ਹ ਨ ਸਾਡੀ ਕਦੇ ਮਰੇ।

'ਰੁੱਖੋਂ ਰੁੱਖ ਫਿਰਾਵੀਂ ਸਾਨੂੰ
'ਡਾਲੋ ਡਾਲ ਉਡਾਵੀਂ ਤੂੰ,
'ਧ੍ਰੇਕੋਂ ਧ੍ਰੇਕ ਟਪਾਕੇ ਸਾਨੂੰ
'ਕੌੜੇ ਫਲੀਂ ਰਿਝਾਵੀਂ ਤੂੰ।

 www.sikhbookclub.com

'ਬਨ, ਪਰਬਤ, ਜਲ, ਬਨੀਂ, ਪਹਾੜੀਂ,
'ਰੇਤ ਥਲੀਂ ਥਾਂ ਦੇਵੀਂ ਤੂੰ।
'ਖੁੱਲ ਜੁ ਦਿੱਤਾ ਹੱਕ ਸਭਸ ਨੂੰ
'ਦੇਕੇ ਕਦੇ ਨ ਲੇਵੀਂ ਤੂੰ!

'ਆਨ ਬਾਨ ਦਿਲ ਸ਼ਾਨ ਅਸਾਡੀ
'ਤੇਰੇ ਤਾਣ ਰਖਾਵੀਂ ਤੂੰ!
'ਪਜਾਰ ਆਪਣੇ ਬਾਝ, ਪ੍ਰਭੂ ਜੀ!
'ਦੂਜੀ ਕੈਦ ਨ ਪਾਵੀਂ ਤੂੰ!

'ਕੈਦ ਕਰਨ ਤੇ ਆਖਣ ਰਾਖੀ
'ਦਰਸ਼ਨ ਦੇਵ ਕਰਾਵੀਂ ਨਾਂ,
'ਪਾਣ ਪਿੰਜਰੇ ਦੇਣ ਚੂਰੀਆਂ
'ਐਸੇ ਸਖੀ ਮਿਲਾਵੀਂ ਨਾਂ।

'ਖੰਭ ਅਸਾਡੇ, ਪੈਰ ਅਸਾਡੇ,
'ਦਿਲ ਸਾਡੇ ਨੂੰ ਰੋਕ ਕਰੇ,
'ਧਰਮੀ ਐਸੇ ਅਸਾਂ ਨ ਮੇਲੀਂ
'ਡੋਰ ਪਾਇ ਹਥ ਵਾਗ ਫੜੇ।


www.sikhbookclub.com

'ਖੁਲ੍ਹੇ ਉਡੰਦਜਾਂ, ਮੌਜ ਫਿਰੰਦਜਾਂ
'ਬਾਜ ਕਿ ਬਿੱਲਾ ਆਣ ਪਵੇ,
'ਮਦਦ ਵਿਹੂਣੇ ਰਾਖੀ ਬਾਝੋਂ
'ਕੁਲ ਸਾਰੀ ਚਹਿ ਨਾਸ਼ ਹੁਏ,
'ਜਦ ਤਕ ਇੱਕ ਅਸਾਂ 'ਚੋਂ ਜੀਵੇ
'ਖੁੱਲ੍ਹ ਵਿਚ ਓਸ ਸੁਆਸ ਵਹੇ।

'ਇਕ ਅਰਦਾਸ ਹੋਰ ਹੈ, ਸਾਈਆਂ!
'ਮਿਹਰ ਕਰੀਂ ਦੇ ਕੰਨ ਸੁਣੀਂ,
'ਪਸ਼ੂ ਅਸੀਂ ਹਾਂ ਪਸ਼ੂ ਰਖਾਵੀਂ
'ਬੇਸ਼ਕ ਸਖਣੇ ਸਭਨ ਗੁਣੀਂ।

'ਉਹ ਨਾ ਅਕਲ ਅਸਾਨੂੰ ਦੇਵੀਂ,
'ਉਹ ਤਹਿਜ਼ੀਬ ਦਿਵਾਵੀਂ ਨਾਂ,
'ਓਹ ਸਭਜਤਾ ਦੂਰ ਰਹਾਵੀਂ
'ਵਿਦਜਾ ਓਹ ਸਿਖਾਵੀਂ ਨਾਂ,

'ਜਾਲ ਪਾਣ ਤੇ ਘੜਨ ਪਿੰਜਰੇ
'ਕੈਦ ਪਾਣ ਸਖਲਾਵੇ ਜੋ
'ਖੰਭ ਤੋੜ ਕਰ ਬੋਟ ਬਹਾਵੇ
'ਦੂਜਿਆਂ ਬੰਦੀ ਪਾਵੇ ਜੋ,

'ਲੋਕ ਗ਼ੁਲਾਮ ਬਨਾਇ ਬਹਾਲੇ
'ਸੁਰਤਾਂ ਕਤਲ ਕਰਾਵੇ ਜੋ,
'ਤੇਰੇ ਰਚੇ ਸੁਤੰਤਰ ਬੰਦੇ,
'ਪਰ ਦੇ ਤਾਣ* ਸੁਟਾਵੇ ਜੋ।

'ਖੁੱਲ੍ਹ ਹਰਣ ਦੀ ਜਾਚ ਅਸਾਨੂੰ
'ਸਾਈਆਂ! ਕਦੇ ਸਿਖਾਈਂ ਨਾਂ,
'ਪਸ਼ੂ ਅਸਾਂ ਨੂੰ ਚਾਹੇ ਰੱਖੀਂ
'ਮਾਨੁਖ ਕਦੇ ਬਨਾਈਂ ਨਾਂ।

'ਚਹੇ ਜੰਗਲੀ ਚਹੇ ਪਸ਼ੂ ਰਖ
'ਦਾਨੇ ਚਹੇ ਬਨਾਈਂ ਨਾਂ।
''ਖੁੱਲ੍ਹ ਵੇਚਣ' ਦੀ ਅਕਲ ਨ ਦੇਵੀਂ
''ਖੁੱਲ੍ਹ ਖੋਹਣ' ਜਾਚ ਸਿਖਾਈਂ ਨਾਂ।

''ਖੁੱਲ੍ਹ ਰੱਖਣ' ਦੀ ਗ਼ੈਰਤ ਦੇਵੀਂ
''ਖੁੱਲ੍ਹ ਖੁਹਣੌਂ' ਸ਼ਰਮ ਦਿਵਾਵੀਂ ਤੂੰ,
'ਖੁੱਲ੍ਹ ਲਈਏ, ਖੁੱਲ੍ਹ ਦਾਨ ਕਰਾਈਏ
'ਖੁੱਲ੍ਹ ਦੇ ਦਾਸ ਬਨਾਵੀਂ ਤੂੰ।

* ਪਰਾਏ ਦੇ ਆਸਰੇ।

 www.sikhbookclub.com

'ਮੱਚ ਮਰੇ ਨਾ ਕਦੇ ਅਸਾਡਾ*
'ਗੱਚ ਕਦੇ ਦਿਲ ਢਾਵੇ ਨਾਂ।
'ਖੁਸ਼ੀ ਰਹੇ ਮਨ ਭਰੀ ਅਸਾਡੇ
'ਕੱਚ ਕਦੇ ਸਿਰ ਆਵੇ ਨਾਂ।

'ਗ਼ੈਰਤ ਠਰਨ ਖ਼ੂਨ ਨਾਂ ਦੇਵੇ,
'ਅਣਖ ਰਗ਼ਾਂ ਖਿਚ ਰੱਖੇ ਜੀ,
'ਭੁਜਾਂ ਸਾਡੀਆਂ ਤਾਣ ਲਾਜ ਰਹਿ
'ਅੱਖ ਉਚੇਰੀ ਤੱਕੇ ਜੀ।

'ਮੋਢੇ ਤਣੇ ਤਾਣ ਵਿਚ ਸਿੱਧੇ
'ਗਰਦਨ ਆਕੜ ਭਰੀ ਰਹੇ,
ਜ਼ੋਰ ਰਹੇ ਹਿਕ ਸਾਡੀ ਭਰਿਆ
ਡਰ ਖਾ ਧੌਣ ਨ ਕਦੇ ਢਹੇ। ੭੮.

---

* ਇਸ ਤੋਂ ਅਗੇ ਚੜ੍ਹਦੀ ਕਲਾ ਵਾਸਤੇ ਅਰਦਾਸ ਹੈ। ਹਉਮੈ ਵਾਸਤੇ ਨਹੀਂ।


www.sikhbookclub.com

## ਜੀਵਨ ਕੀਹ ਹੈ?

ਪਾਰੇ ਦੇ ਡਲ ਵਾਂਙ ਛੰਭ ਇਕ
ਚਿੱਟਾ ਸਾਫ ਸੁਹਾਵਾ,
ਮੂੰਹ ਮੂੰਹ ਭਰਿਆ, ਡਲ੍ਹ ਡਲ੍ਹ ਕਰਦਾ,
ਦੱਸੇ ਅਜਬ ਦਿਖਾਵਾ।

ਨਿੱਕੀ ਨਿੱਕੀ ਰਿਵੀ ਰੁਮਕਦੀ,
ਲਹਿਰ ਉਠੇਂਦੀ ਨਿੱਕੀ,-
ਕਰਦੀ ਪਜਾਰ, ਗਲੇ ਜਲ ਲਗਦੀ,
ਵਗਦੀ ਪੌਣ ਲਡਿੱਕੀ।

ਚੰਦ ਅਕਾਸ਼ਾਂ ਦੇ ਵਿਚ ਫਿਰਦਾ
ਜਲ ਵਿਚ ਝਾਤੀ ਮਾਰੇ,
ਜਲ ਨਿਰਮਲ ਉਸ ਜੱਫੀ ਪਾਕੇ
ਅਪਣੇ ਵਿੱਚ ਉਤਾਰੇ।

ਇਕ ਚੰਦਾ ਵਿਚ ਅੰਬਰ ਫਿਰਦਾ
ਰੂਪ ਅਡੋਲ ਸੁਹਾਵੇ,
ਦੂਜਾ ਚੰਦ ਛੰਭ ਵਿਚ ਡਲ੍ਹਕੇ,
ਡੋਲੇ ਤੇ ਲਹਿਰਾਵੇ।


www.sikhbookclub.com

ਤਾਰੇ ਵਿੱਚ ਅਕਾਸ਼ਾਂ ਚਿਤਰੇ,
ਲਟਕ ਗਏ ਵਿਚ ਸਰ ਦੇ,
ਨੀਲਾ ਹੇਠ ਅਕਾਸ਼ ਵਿਛਾਕੇ
ਖਿਲਰੇ, ਜਲ ਵਿਚ ਤਰਦੇ।

ਡਲ੍ਹਕ ਆਪਣੀ, ਡੋਲਣ ਜਲ ਦੀ,
ਦੋ ਡਲ੍ਹਕਾਂ ਰਲ ਗਈਆਂ,
ਵਿੱਚ ਡੂੰਘਾਣਾਂ ਅਰਸ਼ੀ ਮੌਜਾਂ
ਦੂਣੀਆਂ ਹੋ ਹੋ ਪਈਆਂ।

ਅਜਬ ਸਫ਼ਾਈ ਨੀਰ ਤੁਧੇ ਦੀ
ਜਿਸ ਨੇ ਬੰਨ੍ਹ ਉਤਾਰੀ,
ਸਾਰੀ ਛਬੀ ਅਕਾਸ਼ਾਂ ਵਾਲੀ!
ਅਪਣੇ ਵਿੱਚ ਖਿਲਾਰੀ।

ਰੀਦਲ ਕੁਆਰ ਵਾਂਙ ਇਕ ਲੰਮੀ!
ਡੀਲ ਸੁਹਾਵੀ ਵਾਲੀ
ਪਤਲੀ ਤੇ ਕੁਛ ਨਾਜ਼ਕ-ਕੋਮਲ
ਜਾਪੇ ਭੋਲੀ ਭਾਲੀ,

ਆ ਨਿਕਲੀ ਮੁਟਿਆਰ ਏਸ ਥਾਂ,
ਗਰਮ ਗਰਮ ਸਾਹ ਭਰਦੀ,
ਨਰਮ ਨਰਮ ਧਰ ਪੈਰ ਤੁਰੇਂਦੀ,
ਚਿਹਰੇ ਛਾਈ ਜ਼ਰਦੀ।


www.sikhbookclub.com

ਕਦਮ ਕਦਮ ਤੇ ਅੜਕੇ, ਝਿਜਕੇ,
ਉੱਪਰ ਹੇਠ ਤਕਾਵੇ,
ਅੱਗੇ ਪਿੱਛੇ ਨਜ਼ਰ ਮਾਰਕੇ
ਠਹਿਰੇ, ਨੈਣ ਮਿਟਾਵੇ।

ਸੋਚ ਵਿੱਚ ਡੁਬ ਜਾਵੇ ਸਾਰੀ,
ਤ੍ਰਭ੍ਰਕ ਅੱਖੀਆਂ ਖੁਹਲੇ,
ਸੁਹਣੇ ਨੈਣ ਕਟੋਰੀਆਂ ਵਰਗਜੋਂ
ਨੀਰ ਛਮਾਂ ਛਮ ਡੁਹਲੇ।

ਭਰੇ ਹਾਹੁਕਾ ਕਹੇ: "ਹਾਇ! ਹੈ
ਕਾਹਨੂੰ ਏ ਕੁਛ ਬਣਿਆਂ?
"ਕੀ ਹੈ? ਤੇ ਏ ਕਿਉਂ ਹੈ ਸਾਰਾ
ਪੇਟਾ ਤਾਣਾਂ ਤਣਿਆਂ?

" 'ਮੈਂ ਜੀਂਦੀ', ਮੈਂ ਜਾਣਾ 'ਜੀਂਦੀ',
'ਹਾਂ ਜੀਵਨ' ਮੈਂ ਜਾਣਾ,
"ਪਰ ਏ 'ਜੀਵਨ' ਕੀ ਹੈ ਵਸਤੂ?
ਕੀ ਹੈ ਇਸਦਾ ਮਾਣਾ?

"ਮੈਂ ਵਰਗੇ ਲਖ ਹੋ ਹੋ ਮਰ ਗਏ
ਸਮਝੇ ਨਾ 'ਕਿਉਂ ਹੋਏ'-
" 'ਹੋਂਦ ਆਪਣੀ' ਲਖੀ ਨ 'ਕੀ ਹੈ'
ਬਿਨ ਸਮਝੇ 'ਹੋ ਮੋਏ'।


www.sikhbookclub.com

"ਲੱਖਾਂ ਹੋਕੇ ਲੱਗ ਰਹੇ ਹਨ
ਆਸ ਅੰਦੇਸਿਆਂ ਅੰਦਰ,
"ਫਸੇ ਧੁਨਾਂ ਵਿਚ ਫਿਰਦੇ ਜੀਕੂੰ
ਵਿੱਚ ਚਿਕਾਬੂ ਮੰਦਰ।

" 'ਹੈਵੇ' ਤੇ ਏ ਜਾਪੇ 'ਹੈਵੇ':
ਕੀ 'ਕੀ ਹੈ?' ਨਾ ਜਾਪੇ,
" 'ਕਿਉਂ ਹੈ?' ਤੇ ਏ 'ਕੀਕੂੰ ਹੈਵੇ?'
ਇਹ ਗੱਲ ਨਹੀਂ ਸਿਞਾਪੇ।

"ਮੈਨੂੰ ਕੀ ਏ ਰੋਗ ਲੱਗ ਗਿਆ
ਕਿਉਂ ਇਹ ਭੇਤ ਖੁਲ੍ਹਾਵਾਂ?
"ਤੜਫਾਂ ਕਿਵੇਂ ਬੁਝਾਰਤ ਬੁੱਝਾਂ-
ਆਪਾ ਕਿਵੇਂ ਤਕਾਵਾਂ?

"ਦੱਸ 'ਜਿੰਦੇ! ਤੂੰ ਹੈਂ ਕੀ ਅੜੀਏ!
ਪੰਡ ਵਲਵਲੇ ਵਾਲੀ?
"ਝਰਨਾਟਾਂ ਜੋ ਜਾਣ ਨ ਝਲੀਆਂ
ਆਪੇ ਛੇੜਨ ਵਾਲੀ?

"ਹਸਰਤ, ਆਸ, ਨਿਰਾਸਾ ਟੋਏ
ਆਪੇ ਵਿਚ ਉਪਜਾਵੇਂ,
"ਆਪ ਵਿਰਾਗਨ ਹੋਕੇ, ਅੜੀਏ!
ਆਪ ਡੋਬ ਪਈ ਖਾਵੇਂ!


www.sikhbookclub.com

"ਉਠਨ ਉਮੰਗਾਂ ਤੇ ਚਾ ਉੱਚੇ,
ਖਿੱਚਾਂ ਧੂਹ ਲਿਜਾਵਨ,
"ਕਾਂਬਾ ਛਿੜੇ, ਥ੍ਰਗਾਟਾਂ ਥਰਕਨ,
ਲਹਿਰਾਂ ਕਹਿਰ ਮਚਾਵਨ।

"ਆਪਾ ਪਿਆ ਸਦਕੜੇ ਹੋਵੇ
ਕਿਸਤੋਂ? ਪਤਾ ਨ ਲੱਗੇ,
"ਕਿਸਦੇ ਪਜਾਰ ਖਿਚੀਂਦਾ ਜਾਵੇ?
ਕੌਣ ਪਿਆ ਸੁ ਠੱਗੇ?

"ਕਦੇ ਅਕਲ ਵਿਚ ਆਵੇਂ ਜਿੰਦੇ!
ਦਾਨੀ ਹੋ ਹੋ ਸੋਚੇਂ,
"ਸੋਚੀਂ ਤਰੇਂ; ਰੁੜ੍ਹੇਂ ਤੇ ਡੁੱਬੇਂ,
ਉਛਲ ਉਛਾਲੇ ਬੋਚੇਂ,

"ਠੁਹਕਰ ਖਾਇ ਕਿਤੋਂ ਮੁੜ ਆਵੇ,
ਭੇਤ ਨ ਸਾਰਾ ਖੁੱਲ੍ਹੇ-
" 'ਕਿਉਂ ਹੋਯਾ?' 'ਏ ਜੀਵਨ ਕੀ ਹੈ?'
'ਆਪਾ' ਕਿਉਂ ਹਾਂ ਭੁੱਲੇ?

"ਹਾਇ! ਕਰਾਂ ਕੀ? ਮੈਨੂੰ ਜਿੰਦੇ!
ਖਾਵਣ ਪੀਣ ਨ ਭ੍ਾਵੇ,
"ਕੋਈ ਸ੍ਵਾਦ ਨ ਮੋਂਹਦਾ ਆਕੇ
'ਦਿਸਦਾ' ਨਾਂ ਪਰਚਾਵੇ।

 www.sikhbookclub.com

"ਤੂੰ ਕੀਹ ਹੈਂ? ਤੂੰ ਦੱਸ ਅਸਾਨੂੰ,
ਅੜੀਏ! ਹੋਰ ਖਪਾ ਨਾ,
"ਬਹੁਤ ਰੁਲਾਯਾ ਹਈ ਅਸਾਂਨੂੰ,
ਭੁਆਲੀ ਹੋਰ ਪੁਆ ਨਾ।

"ਦੱਸ ਕੌਣ ਤੂੰ? ਕੀ ਹੈਂ ਸਖੀਏ!
ਹੁਣ ਦੱਸਣੋਂ ਨਾ ਨੱਸੀਂ
"ਆਪਣਾ ਆਪ ਲੁਕਾਯਾ ਜਿਹੜਾ
ਖੁਹਲ ਅਸਾਨੂੰ ਦੱਸੀਂ

"ਮੈਨੂੰ ਭਰਮ ਪਏ ਨੀ ਜਿੰਦੇ!
ਤੂੰ ਪਰਦੇ ਵਿਚ ਬਹਿੰਦੀ,
"ਭੋਰਾ ਰੂਪ ਦਿਖਾਵੇਂ, ਬਾਕੀ
ਲੁਕੀ ਪਰਦਿਆਂ ਰਹਿੰਦੀ,

"ਨਿੱਕੀ ਰਮਜ਼ ਅਕਲ ਦੀ ਮਾਰੇਂ,
ਹੋਰ ਨ ਕੁੱਝ ਦਿਖਾਵੇਂ,
"ਬਾਕੀ ਆਪਾ ਲੁਕਿਆ ਤੇਰਾ
ਸਾਨੂੰ ਨਾ ਦਿਸਿਆਵੇ।

"ਜਦੋਂ ਵਲਵਲੇ ਸਿੱਕਾਂ ਸਧਰਾਂ,
ਖਿੱਚਾਂ ਪੈਣ, ਹਿਲਾਵਣ,
"ਕਸਕ ਕਸਕਦੀ ਟੁੰਬ ਝੰਝੋਲੇ,
ਹਿੱਲ ਹਰੋਲੇ ਆਵਨ,

"ਤਦੋਂ ਕਰਾਂ ਕੀ, ਜਿੰਦੇ ਮੇਰੀ!
ਕਿੱਥੋਂ ਉਹ ਕੁਝ ਲਜਾਵਾਂ,
'ਜਿਸਦੇ ਨਾਲ ਅਪੂਰਨ ਹੋਈ
ਤੈਨੂੰ ਭਰ ਦਿਖਲਾਵਾਂ?

"ਹਾਇ! ਦੱਸ ਤੂੰ ਜਿੰਦੜੀ! ਮੈਨੂੰ,
ਮੈਂ ਰੋ ਰੋ ਮਰ ਲੱਥੀ,
" 'ਤੂੰ ਕੀ ਹੈਂ?' ਤੂੰ ਖੁਹਲ ਦਿਖਾ ਦੇ
ਅਪਨਿ ਕਲਾ ਦੀ ਹੱਥੀ।"

ਐਦਾਂ ਸੋਚ, ਬਾਉਲੀ ਹੁੰਦੀ,
ਆਪੇ ਦੇ ਵਿਚ ਆਂਦੀ,
ਆਪੇ ਤੋਂ ਹੋ ਬਾਹਰ ਗ਼ਰਕਦੀ
ਸੁੰਨ ਮੁੰਨ ਹੋ ਜਾਂਦੀ,

ਤੁਰਦੀ, ਅਝਕ, ਬੈਠ ਉਠ ਤੁਰਦੀ
ਸਹਿਜੇ ਸਹਿਜੇ ਆਈ,
ਓਸ ਛੰਭ ਤੇ ਆਣ ਖਲੋਤੀ,
ਮੌਜ ਦੇਖ ਟਕ ਲਾਈ।

ਆਖੇ: "ਵਾਹਵਾ ਜੋਬਨ ਮੱਤੇ
ਸੁੱਭਰ ਭਰੇ ਸੁਹਾਵੇ!
"ਠੰਢ ਪਈ ਤੈਂ ਦੇਖ ਰੂਪ ਨੂੰ
ਸੁਹਣੇ ਸਜੇ ਤਲਾ ਵੇ!


www.sikhbookclub.com

"ਕਿਉਂ ਤੂੰ ਸੁਹਣਾ ਸੁਖੀ ਦਿਸੀਵੇਂ
ਲਹਿਰਾਂ ਲਏਂ ਹੁਲਾਰੇ?
"ਜੀਵਨ ਦੇ ਕੀ ਭੇਤ ਖੁਲ੍ਹੇ ਹਨ
ਤੈਂ ਪਰ ਆਨ, ਪਿਆਰੇ!

"ਕਿਉਂ ਸੰਤੁਸ਼ਟ, ਰੱਜਿਆ, ਰਾਜ਼ੀ,
ਬਿਨ ਹਸਰਤ ਦਿਸ ਆਵੇਂ?
"ਡਲ੍ਹਕੇਂ ਤੇ ਵਾ ਭੱਖੇਂ ਸੁਹਣੀ,
ਅਰਸ਼ੀ ਰੰਗ ਦਿਖਾਵੇਂ?

"ਦੱਸ ਸੱਜਣਾਂ ਜੀਵਨ ਕੀ ਹੈ,
ਜੀਵਨ ਸਾਨੂੰ ਦੱਸੀਂ?
"ਖੁਹਲੀਂ ਭੇਤ, ਹਸਾਵੀਂ ਸਾਨੂੰ,
ਫਿਰ ਤੂੰ ਸੁਹਣਿਆਂ ਹੱਸੀਂ?"

'ਸਰਰ ਸਰਰ' ਇਕ ਧੁਨੀ ਅਨੋਖੀ
ਉਸ ਸਰ ਵਿਚੋਂ ਆਈ,
ਮਾਨੋਂ ਕੁਈ ਅਪਸਰਾ ਜਲ ਤੋਂ
ਸੁਰ ਪਜਾਰੀ ਵਿਚ ਗਾਈ:-

"ਫਿਰ ਆਨਾ, ਫਿਰ ਆਨਾ ਆਨਾ,
ਆਨਾ, ਆਨਾ, ਆਨਾ,
"ਫਿਰਜੀ,ਫਿਰਜੀ, ਫਿਰਫਿਰ, ਫਿਰਫਿਰ
ਫਿਰ ਆਨਾ, ਫਿਰ ਆਨਾ"।

 www.sikhbookclub.com

ਠੰਢਾ ਸਾਹ ਸਹੂਲਤ ਵਾਲਾ,
ਮੁਟਿਆਰਨ ਨੂੰ ਆਇਆ।
ਆਸਾ ਬੰਨ੍ਹ ਉਮੈਦਾਂ ਲਜਾਈ,
ਕਦਮ ਪਿਛਾਹਾਂ ਪਾਇਆ।

ਸੂਰਜ ਅਜੇ ਨ ਟਿੱਕੀ ਨਿਕਲੀ,
ਲਾਲੀ ਭਾਹ ਨ ਛਾਈ,
ਚਿੜੀ ਚੁਹਕੀ ਅਜੇ ਨ ਹੈਸੀ,
ਪਹੁ-ਫੁਟ ਅਜੇ ਨ ਆਈ।

ਉਹ ਮੁਟਿਆਰ ਕਈ ਦਿਨ ਮਗਰੋਂ
ਇਕ ਦਿਨ ਅੰਮ੍ਰਿਤ ਵੇਲੇ
ਉਸ ਸਰ ਦੇ ਫਿਰ ਕੰਢੇ ਆਈ,
ਲੈ ਦਿਲ-ਵਹਿਣ ਝਮੇਲੇ।

ਕੀ ਦੇਖੇ ਉਸ ਸਰਵਰ ਅੰਦਰ
ਜਲ ਦੇ ਉਪਰ ਤਰਦੇ,
ਗੋਲ ਗੋਲ ਤੇ ਸਾਵੇ ਸਾਵੇ
ਪੱਤਰ ਡੱਲ੍ਹ ਡੱਲ੍ਹ ਕਰਦੇ।

ਪਾਣੀ ਦੇ ਗਲ ਲੱਗੇ ਹੋਏ,
ਕੁਛ ਹਨ ਉਚੇ ਹੋਏ,
ਕਿੰਨਿਆਂ ਉੱਪਰ ਨੀਰ ਤਰੁਪਕੇ
ਮੋਤੀ ਜਿਉਂ ਡਲ੍ਹਕੋਏ,


www.sikhbookclub.com

ਚਮਕਣ ਤੇ ਡਲ੍ਹਕਣ ਏ ਤੁਪਕੇ
ਕੰਬਣ ਤੇ ਫਿਰ ਟਿਕਦੇ
ਆਸਾ ਦੇਣ ਲੋਚਨਾ ਵਾਲੀ,
ਨੈਣ ਜਿਵੇਂ ਕੋਈ ਸਿਕਦੇ।

ਚਾਨਣ ਬੀ ਹੁਣ ਵਧਿਆ ਸੁਹਣਾ
ਪੁਰਿਓਂ ਆਈ ਲੋਈ,
ਪਹੁ ਦੀ ਚਿੱਟੀ ਚਾਦਰ ਵਿਛ ਗਈ,
ਚਿਹ ਚਿਹ ਬਨ ਵਿਚ ਹੋਈ।

ਜੋਬਨ ਦੇਖ ਮਸਤੀਆਂ ਭਰਿਆ,
ਠੰਢ ਟਿਕਾਉ ਨਿਰਾਲਾ।
ਦੂਣੀ ਪੱਤ ਸੁਹਾਵੀ ਸਜਿਆ,
ਛੰਭ ਪੱਤਿਆਂ ਵਾਲਾ,

ਕਹਿੰਦੀ ਨਾਰ: "ਭਰੇ ਤੇ ਮੱਤੇ
ਲਹਿ ਲਹਿ ਕਰਦੇ ਸਰ ਜੀ!
"ਕੀ ਹੈ ਜੀਵਨ? ਦੱਸੋ ਮੈਨੂੰ
ਚਿੰਤਾ ਦੇਵੋ ਹਰ ਜੀ!

"ਗੋਲ ਗੋਲ ਤੇ ਸਾਵੇ ਸਾਵੇ
ਚੱਕਰ ਤੈਂ ਵਿਚ ਛਾਏ,
'ਕਿਸੇ ਕਿਸੇ ਤੇ ਪਾਣੀ ਤੁਪਕੇ
ਮੋਤੀ ਜਿਉਂ ਡਲ੍ਹਕਾਏ।


www.sikhbookclub.com

"ਕੀ ਜੀਵਨ ਏ ਗੋਲ ਚੱਕਰੀ
ਨਿਰੀ ਡਲ੍ਹਕ ਇਕ ਜਾਣਾ?
"ਪਿਆ ਨਿਤਾਣਾ ਹੈ ਸਰਵਰ ਵਿਚ,
ਭੇਤ ਹਿਠਾਂਹ ਛੁਪਾਣਾ?

'ਕਿੱਥੋਂ ਤੇ ਕਿਉਂਜ ਆਏ ਸਾਰੇ
ਕੀ ਕਰਨੇ ਨੂੰ ਆਏ?
"ਚੁੱਪ ਮੁਹਰ ਹੈ ਲੱਗੀ ਸਭ ਨੂੰ
ਸਿਰ ਸਿਟ ਦਿਲ ਦਿਖਲਾਏ?"

ਰੁਮਕ ਰੁਮਕ ਪੱਛੋਂ ਤੋਂ ਆਈ
ਪਉਣ ਪਿਆਰੀ ਝੁਲਦੀ,
ਸਰ ਦੇ ਜਲ ਤੇ ਜਲ ਦੇ ਪੱਤੇ,
ਸਭ ਦੇ ਗਲ ਲਗ ਚਲਦੀ,

'ਸਰਸ ਸਰਰ, ਸਰ ਸਰਰ ਸਰਰ' ਜਿਉਂ
ਧੁਨੀ ਛੰਭ ਤੋਂ ਆਵੇ,
ਮਾਨੋਂ ਜੀਭ ਲਗੀ ਹੈ ਸਰ ਨੂੰ
ਇਹ ਗਲ ਆਖ ਸੁਣਾਵੇ :-

"ਆਵੀਂ ਫਿਰ ਤੂੰ ਫਿਰਰ ਫਿਰਰ ਤੂੰ
ਫਿਰ ਆਵੀਂ ਫਿਰ ਆਈਂ,
"ਫਿਰ ਫਿਰ ਫਿਰ ਫਿਰ", ਸਰ ਜੀ ਕਹਿੰਦਾ:
"ਆਵੀਂ, ਫਿਰ ਤੂੰ ਆਈਂ"


www.sikhbookclub.com

ਪੱਛੋਂ ਜਾ ਧਰਤੀ ਦੇ ਉਹਲੇ,
ਸੂਰਜ ਟਿੱਕੀ ਟਿਕਦੀ,
ਟਿਕਦੀ, ਲਹਿੰਦੀ, ਚਮਕ ਘਟੇਂਦੀ
ਹੇਠਾਂ ਹੇਠਾਂ ਡੁਬਦੀ।

ਲਾਲੀ ਲਾਲ ਛਈ ਅਸਮਾਨੀਂ
ਸੂਰਜ ਗਿਆਂ ਨਿਸ਼ਾਨੀ
ਚਿੱਟੀ ਭਾਹ ਪਸਰ ਗਈ ਸਾਰੇ,
ਟੁਰਦੀ ਇਹ ਬੀ ਜਾਨੀ।

ਇਸ ਵੇਲੇ ਕੁਛ ਦਿਨਾਂ ਬਿਤੀਤੇ
ਫਿਰ ਸਰਵਰ ਦੇ ਕੰਢੇ।
ਉਹ ਮੁਟਿਆਰ ਖੜੀ ਸਾਹ ਭਰਦੀ,
ਨੈਣ ਭਰਨ ਲੂੰ ਕੰਡੇ:-

"ਸੂਰਜ ਛੁੱਪ ਗਿਆ ਧਰ ਉਹਲੇ"
ਰੋ ਕੇ ਇਹ ਗਲ ਕਹੀਆ:-
"ਸੰਝ ਹਨੇਰੇ ਸਹਿਮਾਂ ਵਾਲੀ
ਤੇਰੇ ਤੇ ਆ ਰਹੀਆ।

"ਇਹ ਤਾਂ ਦੱਸ ਅਸਾਂ ਨੂੰ ਸਜਣਾਂ!
ਤੈਂ ਵਿਚ ਇਹ ਕੀ ਹੋਇਆ?
"ਰਾਜ ਹੰਸ ਦੀਆਂ ਧੌਣਾਂ ਵਰਗਾ
ਕਿੱਥੋਂ ਆ ਗਿਆ ਢੋਇਆ?


www.sikhbookclub.com

"ਰੀਦਲ ਵਾਂਗ ਨਿਕਲ ਇਹ ਧੌਣਾਂ
ਹੋ ਉਚੀਆਂ ਹਨ ਝੁਕੀਆਂ,
"ਸਿਰ ਨਿਹੁੜਾਇ ਸ਼ਰਮ ਦੀਆਂ ਭਰੀਆਂ,
ਹਿਕੇ ਨਿਰਾਸਾ ਮੁਕੀਆਂ ?

"ਹਸਰਤ ਭਰੀਆਂ ? ਕੇ ਵਿਚ ਸਦਮੇਂ
ਸਾਵੇ ਓਢਨ ਲੁਕੀਆਂ।
"ਬੰਦ ਜਗਤ ਦੇ ਭੇਤ ਵਾਂਗ ਹਨ ?
ਕੇ ਖੁਲ੍ਹ ਕੇ ਹਨ ਸੁਕੀਆਂ ?

"ਪੋਟਲੀਆਂ ਕੀ ਵਲਵਲਿਆਂ ਭਰ
ਝੁਕੀਆਂ ਹਨ ਇਹ ਸਰੀਆਂ ?
"ਸੱਧਰ ਸਿੱਕਣ ਤੇ ਤ੍ਰਾਹ ਉਠਣ
ਵਿਚ ਇਨ੍ਹਾਂ ਦੇ ਧਰੀਆਂ।

"ਗੋਲ ਮੋਲ ਤੇ ਚੁੱਪ ਚਾਪ ਤੇ
ਸਿਰ ਸਿੱਟਣ ਦਿਖਲਾਇਆ,
"ਪ੍ਰਸ਼ਨ ਮਿਰੇ ਦਾ ਉੱਤਰ ਤੈਥੋਂ
ਇਹ ਸਰਵਰ ਸਰ ਆਇਆ ?"

ਪਵਨ ਹਿਲੋਰੇ ਨਾਲ ਹਿੱਲਿਆ
ਸਰਵਰ ਪੱਤ ਤੇ ਕਲੀਆਂ,
ਧੁਨੀ ਅਜਾਇਬ ਆਈ ਵਿੱਚੋਂ,
ਬੋਲੀਆਂ ਕੋਈ ਭਲੀਆਂ:-


www.sikhbookclub.com

"ਫਿਰਰ, ਫਿਰਰ ਫਿਰ, ਫਿਰ ਫਿਰ, ਫਿਰ ਫਿਰ
ਫਿਰ ਆਈਂ, ਫਿਰ ਆਈਂ;
"ਆਈਂ ਫਿਰ ਫਿਰ ਫਿਰਰ ਫਿਰਰ ਤੂੰ
ਫਿਰ ਆਈਂ ਫਿਰ ਆਈਂ।"

ਸਟ ਕੇ ਧੌਣ ਉਨ੍ਹਾਂ ਦੇ ਵਾਂਗੂੰ,
ਠੰਢਾ ਸਾਹ ਖਿਚੇਂਦੀ,
ਟੁਰ ਗਈ ਫੇਰ, ਹਾਹੁਕੇ ਲੈਂਦੀ,
ਗਿਣ ਗਿਣ ਕਦਮ ਧਰੇਂਦੀ।

ਫਿਰ ਆਈ ਇਕ ਸ਼ਿਖਰ ਦੁਪਹਿਰੀਂ
ਸੂਰਜ ਸਿਰ ਤਲਵਾਇਆ,
ਸਰਵਰ ਧੌਣਾਂ ਨਾਲ ਭਰ ਗਿਆ
ਪਰ ਇਕ ਰੂਪ ਵਟਾਇਆ;

ਸਭ ਸਿੱਧੇ ਹਨ ਖੜੇ ਹੋ ਗਏ,
ਸਿਰ ਸੂਰਜ ਦੇ ਵੰਨੇ,
ਨਿਹੁੜਾਈ ਗਰਦਨ ਨਹੀਂ ਕੋਈ,
ਜਿਉਂ ਜੋਗੀ ਟਕ ਬੰਨ੍ਹੇ।

ਮੁਸਕਾਈ ਤੇ ਨੀਝ ਲਾਇ ਕੇ
ਦੇਖ ਦੇਖ ਫਿਰ ਰੋਈ:-
"ਹੇ ਸਰਵਰ! ਮੈਂ ਮੁਸ਼ਕਲ ਤੈਥੋਂ
ਅਜੇ ਹੱਲ ਨਹੀਂ ਹੋਈ।


www.sikhbookclub.com

"ਕੀ ਸਿਰ ਚੱਕ ਤੱਕਣਾ ਉਪਰ,
ਅਸਮਾਨਾਂ ਧਿਰ ਤਕਣਾਂ?
"ਤਕਣਾਂ, ਤਕਣਾਂ ਤੇ ਫਿਰ ਤਕਣਾਂ
ਬਿਨ ਉਤਰ, ਨਾ ਥਕਣਾ?

"ਇਸ ਤੱਕਣ ਵਿਚ ਰਹਿਣ ਹਮੇਸ਼ਾਂ
ਭੇਤ ਕਦੇ ਨਹੀਂ ਖੁਲ੍ਹਣਾਂ,
"ਤਰਸਣ ਸਿੱਕਣ ਤੇ ਸਿਕ ਤੱਕਣ,
ਲੋਚਾਂ ਦੇ ਵਿਚ ਘੁਲਣਾਂ।

"ਅੱਜ ਦੱਸ ਤੂੰ ਭੇਤ ਗ਼ੈਬ ਦਾ,
ਖੋਲ੍ਹ ਚੁੱਪ ਦੀਆਂ ਮੁਹਰਾਂ?
"ਜੀਭ ਛੇੜ ਕੁਈ ਵਾਕ ਸੁਣਾ ਦੇ,
ਕੱਟ ਅਸਾਡੀਆਂ ਅਹੁਰਾਂ"?

ਪਰ ਉਸ ਤੋਂ "ਫਿਰ ਆਵੀਂ ਫਿਰ ਤੂੰ
ਫਿਰ ਫਿਰ ਫਿਰ" ਸੱਦ ਆਈ।
ਸਿਰ ਨਿਹੁੜਾਇ ਗਈ ਉਹ ਪਜਾਰੀ,
ਹਸਰਤ ਅੰਦਰ ਛਾਈ।

ਘਟਾ ਟੋਪ ਬੱਦਲ ਹਨ ਛਾਏ,
ਗਰਮੀ ਹੈ ਬਿਲਮਾਈ,
ਨਿੱਕੀ ਨਿੱਕੀ ਰਿਵੀ ਰੁਮਕਦੀ
ਗਲ ਨੂੰ ਜੱਫੀਆਂ ਪਾਈ।

 www.sikhbookclub.com

ਅੱਖੀਂ ਸੁੱਖ ਕਲੇਜੇ ਠੰਢਕ,
ਇਸਦੇ ਮਿਲਿਆਂ ਪੈਂਦੀ,
ਛਬਿ ਛਾਂਦੀ ਚਉਫੇਰ ਏਸ ਤੋਂ
ਛਬਿ ਇਸ ਤੋਂ ਛਬਿ ਲੈਂਦੀ।

ਵਰਤੇ ਕਈ ਜ਼ਮਾਨੇ ਜਿਸ ਤੇ
ਸੀ ਇਕ ਬੋੜ੍ਹ ਵਡੇਰਾ,
ਉਸ ਦੇ ਹੇਠਾਂ ਮੁਟਿਆਰਨ ਨੇ
ਹੈ ਲਾਇਆ ਹੁਣ ਡੇਰਾ

ਛਾਵੇਂ ਬੈਠ ਬੋੜ੍ਹ ਵਲ ਤਕਦੀ
ਲੰਮੇ ਸਾਹ ਖਿਚੇਂਦੀ,
'ਕਿਉਂ ਬਾਬਾ ਏਂ ਜੀਵਨ ਕੀ ਹੈ?'
ਤਕ ਤਕ ਉਹਨੂੰ ਪੁਛੇਂਦੀ।

ਉੱਚੀ ਧੌਣ ਕਰੇਂਦੀ ਤੱਕਦੀ,
ਨੈਣ ਗਏ ਮਿਟ ਦੋਵੇਂ,
ਮਿੱਠੀ ਨੀਂਦ ਅੰਦਰੋਂ ਆਈ,
ਟਿਕੀ ਜਿਵੇਂ ਸੀ ਓਵੇਂ।

ਉੱਧਰ ਵਾਉ ਤ੍ਰਿਖੇਰੀ ਹੋਈ,
ਬੱਦਲਵਾਈ ਪਾਈ,
ਉੱਡ ਗਈ ਸਾਰੀ ਓ ਘਟਨਾ,
ਧੁੱਪ ਨਿਕਲ ਕੁਛ ਆਈ।


www.sikhbookclub.com

ਸੂਰਜ ਢਲ ਹੇਠਾਂ ਹੋ ਤੁਰਿਆ,
ਕੁਝ ਜੋਬਨ ਬੀ ਢਲਿਆ।
ਤਿੱਖਾ ਤੇਜ ਹੋ ਗਿਆ ਮੱਠਾ,
ਨੀਵਾਂ ਹੋ ਜੋ ਚਲਿਆ।

ਪੌਣ ਵਧੇਰੀ ਠੰਢੀ ਹੋ ਗਈ,
ਜਿਵੇਂ ਹਿਮਾਲਯ ਜਾਈ,
ਪਾਣੀ ਦੇ ਗਲ ਲੱਗ ਕਿਤੋਂ ਹੈ
ਭਾਗਭਰੀ ਹੋ ਆਈ।

ਖੁਲ੍ਹੀ ਅਚਾਨਕ ਅੱਖ ਨਾਰਿ ਦੀ
ਤ੍ਰਬੁਕ ਉਠੀ ਕਹਿ "ਹਾਏ,
"ਇਸ ਅਖ-ਮੀਟੇ ਦੇ ਹੈਂ ਅੰਦਰ
ਕੀ ਕੌਤਕ ਵਰਤਾਏ।

"ਬਾਹਰ ਦੀ ਕੁਦਰਤ ਦੇ ਵਾਂਙੂ
ਠੰਢਕ ਅੰਦਰ ਛਾਈ,
"ਛਾਤੀ ਸੀਤਲ ਹੋਈ ਦਿਸਦੀ
ਘਟਦੀ ਹੈ ਘਬਰਾਈ।"

ਉੱਠ ਟੁਰੀ ਵਲ ਛੰਭ ਫੇਰ ਓ,
ਸਹਿਜੇ ਸਹਿਜੇ ਆਕੇ
ਕੰਢੇ ਤੇ ਆ ਖੜੀ ਹੋ ਗਈ,
ਰਹੀ ਭਚੱਕ ਤਕਾਕੇ।


www.sikhbookclub.com

ਬੰਦ ਬੰਦ ਉਹ ਡੋਡੀ ਡੋਡੀ
ਤੋੜ ਤੋੜ ਸਿਰ ਮੁਹਰਾਂ,
ਧੁਰੋਂ ਅੰਦਰੋਂ ਖਿੜਖਿੜ ਖੁਲ੍ਹੀਆਂ,
ਰੰਗ ਹੋਰ ਦੇ ਹੋਰਾਂ।

ਫਾੜੀਆਂ ਵਾਲੇ ਵਾਂਗ ਕਟੋਰੇ
ਜਿਉਂ ਕਚਕੌਲ ਸੁਹਾਵੇ,
ਲਾਲੋ ਲਾਲ ਖਿੜੇ ਤੇ ਵਿਗਸੇ
ਚੁਹਿ-ਚੁਹਿ ਰੰਗ ਰੰਗਾਵੇ।

ਸਭ ਕਲੀਆਂ ਖਿੜੀਆਂ ਤੇ ਹੱਸਣ
ਦਿੱਸੇ ਖੇੜਾ ਖੇੜਾ;
ਖੇੜੇ ਦਾ ਇਕ ਫਰਸ਼ ਡਲ੍ਹਕਦਾ
ਕੌਲ ਫੁਲਾਂ ਦਾ ਖੇੜਾ।

ਸਾਰਾ ਸਰ ਭਰਿਆ ਇਸ ਖੇੜੇ,
ਇਸ ਖੁਸ਼ੀਆਂ ਦੇ ਖੇੜੇ,
ਜੋਬਨ ਭਰੇ ਹਿਲੋਰੇ ਵਾਲੇ
ਮਸਤੀਆਂ ਵਾਲੇ ਖੇੜੇ।

ਮੀਨਾ-ਲਗਾ-ਬਜ਼ਾਰ ਕੁਦਰਤੀ
ਸਰਵਰ ਨੇ ਹੈ ਲਾਇਆ,
ਖੇੜਾ ਸੁਹਜ, ਹੁਸਨ ਦਾ ਜਲਵਾ
ਕਰ ਜ਼ਾਹਰ ਦਿਖਲਾਇਆ।


www.sikhbookclub.com

ਜਿੱਥੋਂ ਤਕ ਸਰਵਰ ਦੀਆਂ ਪਾਲਾਂ
ਪਾਲਾਂ ਇਹ ਹਨ ਖੜੀਆਂ,
ਸੁੰਦਰ ਖੇੜੇ ਦੇ ਵਿਚ ਖਿੜੀਆਂ,
ਬਿਨ ਪ੍ਰੋਏ ਦੇ ਲੜੀਆਂ।

ਫਾੜੀਦਾਰ ਕਟੋਰਾ ਹਰ ਇਕ,
ਨੈਣ ਜਿਵੇਂ ਕੋਈ ਸੁਹਣੇ,
ਮਿਰਗਾਂ ਦੇ ਹਨ ਵੱਡੇ ਕਰਕੇ
ਰੰਗ ਰੰਗਾ ਚੁਹ ਚੁਹਣੇ,

ਮਸਤੀ ਖਿੱਚ ਹੁਸਨ ਦੀ ਲਾਲੀ
ਭਰ ਕੇ, ਉਚੇ ਕਰਕੇ,
ਟਿਕਵਾਇਏ ਸਰਵਰ ਦੀ ਛਾਤੀ
ਸਰੀਆਂ ਦੇ ਸਿਰ ਧਰਕੇ।

ਖੁਸ਼ੀਆਂ ਦੇ ਯਾ ਚੰਦ ਅਰਸ਼ ਤੋਂ
ਲਾਲ ਲਾਲ ਹੋ ਆਏ,
ਪਹਿਨ ਚੋਲੜਾ ਯੂਸਫ਼ ਵਾਲਾ
ਸਰਵਰ ਦੇ ਵਿਚ ਛਾਏ।

ਯਾ ਸੂਰਜ ਦੀਆਂ ਕਿਰਨਾਂ ਪੈ ਪੈ
ਸੂਰਜ ਉੱਗ ਖਲੋਤੇ,
ਧਰਤੀ ਨੇ ਮਿੱਠੇ ਚਾ ਕੀਤੇ
ਠੰਢੇ ਸਰਵਰ ਗੋਤੇ।

 www.sikhbookclub.com

ਚਾਉ ਭਰੇ ਸੂਰਜ ਵਲ ਤਕਦੇ
ਉੱਮਲ ਉੱਮਲ ਪੈਂਦੇ,
ਕਰਨ ਦਿਦਾਰੇ, ਚੜ੍ਹਨ ਸਰੂਰਾਂ,
ਝੂਮ ਝੂਮ ਰਸ ਲੈਂਦੇ

ਯਾ ਦੁਨੀਆਂ ਦੇ ਸੁਹਣੇ ਸਾਰੇ
ਲੁਕ ਕੇ ਫਿਰ ਹਨ ਆਏ,
ਖਿੜੇ ਖੜੇ ਹਨ ਓਸ ਥਾਉਂ ਤੇ
ਗਾਹਕ ਖ਼ਬਰ ਨ ਪਾਏ,

ਨਾ ਆਵੇ, ਨਾ ਮੁੱਲ ਕਰਾਵੇ,
ਨਾ ਲਲਚੇ ਨਾ ਲੇਵੇ,
ਆਪ ਖਿਚੀਕੇ ਨਾ ਦੁਖ ਪਾਵੇ
ਨਾ ਖਿਚ ਲਾ ਦੁਖ ਦੇਵੇ,

ਸੁਹਣੇ ਹੁਸਨ ਆਪਣੇ ਆਪੇ
ਆਪ ਮਸਤ ਹੋ ਝੂਲਣ,
ਆਸ਼ਕ ਤੇ ਮਾਸ਼ੂਕ ਆਪ ਹੋ
ਖ਼ੁਦੀ-ਹਿੰਡੋਲੇ ਝੂਲਣ।

ਜੋਬਨ ਭਰੇ, ਮਸਤਿ ਰੰਗ ਰੱਤੇ,
ਇਸ ਆਪੇ-ਰਸ ਰੱਤੇ,
ਅਪਣੇ ਮਦ ਅਪਣੇ ਹੀ ਰਸ ਦੇ
ਹੋ ਰਸੀਏ ਮਦ ਮੱਤੇ,


www.sikhbookclub.com

ਖੇੜੇ ਦਾ ਇਕ ਮੰਡਲ ਰਚਕੇ,
ਸੁੰਦਰਤਾ ਨੂੰ ਵੇਖਣ,
ਮਾਣਨ ਹੁਸਨ, ਖਿੜਨ, ਖੁਸ਼ ਹੋਵਨ,
ਆਪਾ ਆਪ ਪਰੇਖਣ।

ਯਾ ਏ ਭੇਤ ਇਲਾਹੀ ਵਾਲੇ
ਡੱਬੇ ਬੰਦ ਰਹਾਏ,
ਸਰਵਰ ਨੇ ਦੱਬੇ ਹਨ ਕੱਢੇ,
ਕੱਢੇ ਖੁਹਲ ਦਿਖਾਏ।

ਹੁਸਨ ਅਜੈਬੀ, ਰੰਗ ਗ਼ੈਬ ਦਾ
ਫਬਨ ਅਰਸ਼ ਦੀ ਜਾਈ,
ਛਬੀ ਸੁਹਾਵੀ ਸੁੰਦਰਤਾ ਹੈ,
ਧੁਰ ਬੈਕੁੰਠੋਂ ਆਈ,

ਜੋ ਢੱਕੀ ਤੇ ਬੰਦ ਕਰਾ ਕੇ
ਹੈਸੀ ਲੁਕੀ ਰਖਾਈ,
ਅਜ ਸਰਵਰ ਨੇ ਛਾਤੀ ਵਿਚੋਂ
ਸਾਰੀ ਖੁਹਲ ਵਿਛਾਈ।

ਨਜ਼ਰ ਪਈ ਜਦ ਮੁਟਿਆਰਨ ਦੀ
ਉਸ ਖੇੜੇ ਦੇ ਬਨ ਤੇ,
ਉਸ ਸੁਹਣੇ, ਉਸ ਜੋਬਨ ਭਰਵੇਂ,
ਉਸ ਹੁਸਨਾਂ ਦੇ ਚੰਨ ਤੇ:-

 www.sikhbookclub.com

ਉਹ ਜੋ ਛਬੀ ਸੁਹਾਵਾਂ ਵਾਲੀ,
ਮੀਂਹ ਸੀ ਪਈ ਵਸਾਂਦੀ,
ਹੇਠਾਂ ਉੱਤੇ ਤੇ ਚਉਫੇਰੇ
ਗੂੜ੍ਹੀ ਛਹਿਬਰ ਲਾਂਦੀ,

ਉਹ ਹੁਸਨਾਂ ਦਾ ਗ਼ਜ਼ਬ ਨਜ਼ਾਰਾ
ਸੁਹਣਾ ਓਹ ਦਿਖਾਵਾ,
ਅੱਖੀਂ ਪਿਆ ਜਦੋਂ, ਦਿਲ ਧਸਿਆ,
ਛਾਇਆ ਰੰਗ ਸੁਹਾਵਾ।

ਬੇਹੋਸ਼ੀ ਇਕ ਛਾਈ ਉਸਤੇ
ਰਹੀ ਬਝੱਕ ਤਕਾਂਦੀ,
ਕੋਈ ਸੁੱਧ ਰਹੀ ਨਹਿਂ ਬਾਕੀ,
ਮੂਰਤ ਟੱਕ ਬਨ੍ਹਾਂਦੀ।

ਧਾਇ ਸਰੂਰ ਹੁਸਨ ਖੇੜੇ ਦਾ
ਸਿਰ ਸਾਰੇ ਵਿਚ ਵੜਿਆ,
ਖੇੜਾ ਅਰਸ਼ੀ ਰੰਗਾਂ ਵਾਲਾ
ਵਿੱਚ ਕਾਲਜੇ ਅੜਿਆ।

ਅਕਲ ਸੰਸਿਆਂ ਵਾਲੀ ਰੁੜ੍ਹ ਗਈ,
'ਪੁਛਣ-ਤਾਬ' ਨਸਾਈ,
ਭਰਮਣ ਤੇ ਸ਼ਕ ਕਰਨੇ ਵਾਲੀ
ਸੋਚ ਨ ਰਹਿ ਗਈ ਕਾਈ।


www.sikhbookclub.com

ਲਗ ਗਈ ਛੋਤ ਖੇੜਿਓਂ ਸਾਰੀ,
ਖੇੜੇ ਖੇੜਾ ਲਾਇਆ,
ਜਿਉਂ ਖਿੜਿਆ ਸੀ ਸਰਵਰ ਸਾਰਾ
'ਦਿਲ-ਨਾਰੀ' ਖਿੜ ਆਇਆ।

ਅੰਦਰ ਫੁੱਟ ਪਿਆ ਜਿਉਂ ਸੋਮਾਂ
ਕੜ ਖੁਸ਼ੀਆਂ ਦਾ ਫੁਟਿਆ,
ਹੁਸਨ ਅੰਦਰੋਂ ਅੰਦਰਲੇ ਦਾ
ਚਸ਼ਮੇ ਜਿਉਂ ਫਟ ਛੁਟਿਆ।

ਲੂੰ ਲੂੰ ਵਿਚੋਂ ਛੁਟੇ ਫੁਹਾਰੇ,
ਖੇੜੇ ਛਹਿਬਰ ਲਾਈ।
ਅੱਖਾਂ 'ਫਬਨ-ਕਟੋਰੇ' ਭਰ ਰਹੇ
ਤ੍ਰੇਲ ਪਏ ਸੁਖਦਾਈ।

ਤਨ ਮਨ ਖੀਵਾ ਖੇੜਾ ਪੀ ਪੀ,
ਖੇੜਾ ਸਾਰੀ ਹੋਈ,
ਖੇੜਾ ਤੇ ਆਪਾ ਇਕ ਹੋਏ,
ਲੂੰ ਲੂੰ ਗਈ ਪਰੋਈ:

ਖੇੜਾ ਦਿਲ ਦਾ, ਖੇੜਾ ਤਨ ਦਾ,
ਖੇੜਾ ਸਰਵਰ ਵਾਲਾ,
ਸਭ ਖੇੜੇ ਇਕ ਰੂਪ ਹੋ ਗਏ,
ਖੇੜੇ ਭੰਨੀਆਂ ਪਾਲਾਂ।


www.sikhbookclub.com

ਹੇਠਾਂ, ਉਪਰ, ਚਾਰ ਚੁਫੇਰੇ,
ਕੀ ਅੰਦਰ, ਕੀ ਬਾਹਰ,
ਖੇੜਾ ਖੇੜਾ ਹੋਈ ਸਾਰੀ
ਕੀ ਬਾਤਨ ਕੀ ਜ਼ਾਹਰ।

ਖੇੜੇ ਵੇੜ੍ਹ ਲਈ ਆ ਬਾਹਰੋਂ
ਖੇੜੇ ਅੰਦਰੋਂ ਵੇੜ੍ਹੀ।
ਖੇੜਾ ਖੇੜਾ ਹੋਈ ਪਜਾਰੀ,
ਖੇੜੇ ਫੜਕੇ ਖੇੜੀ।

ਕਿੱਥੇ ਹੈ ਉਹ ਪੁਛਣ ਵਾਲੀ?,
'ਕੀ? ਏ ਜੀਵਨ ਕੀ ਹੈ?'
ਖੇੜੇ ਖੇੜ ਲਈ ਹੈ ਸਾਰੀ,
ਕੀ ਦੇਹੀ ਕੀ ਜੀ ਹੈ?

ਖੇੜਾ ਹੈ ਹੁਣ ਆਪ ਹੋ ਰਹੀ,
ਖੇੜਾ ਜੀਵਨ ਖੇੜਾ,
ਖਿੜਨ ਖਿੜੀ ਜਿਉਂ 'ਚੰਦ-ਚਾਂਦਨੀ',
ਖਿੜਿਆ ਜੀਵਨ ਖੇੜਾ।

ਅਪਣੇ ਖੇੜੇ ਖਿੜਕੇ ਸਰਵਰ
ਖੇੜਾ ਉਸ ਨੂੰ ਲਾਇਆ।
ਸੁੱਤਾ ਖੇੜਾ ਉਹਦਾ ਜਗਾਇਆ,
ਖੇੜੇ ਰੰਗ ਜਮਾਇਆ। 79.

- ਇਤਿ -

 www.sikhbookclub.com